# ਕਾਵਿ–ਯਾਤਰਾ

## ਬਾਰ੍ਹਵੀਂ ਜਮਾਤ ਲਈ

# ਕਾਵਿ–ਯਾਤਰਾ

## ਬਾਰ੍ਹਵੀਂ ਜਮਾਤ ਲਈ

**ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ**
ਪ੍ਰੀਤ ਵਿਹਾਰ, ਦਿੱਲੀ–110092

**KAAV YATRA** (For Class XII)

ਪਹਿਲੀ ਵਾਰ - 2011

ਮੁੱਲ : 00/- ਰੁਪਏ

ਧੰਨਵਾਦ
ਅਸੀਂ ਉਹਨਾਂ ਸਾਰੇ ਲੇਖਕਾਂ ਦੇ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੀਆਂ ਰਚਨਾਵਾਂ ਇਸ ਪੁਸਤਕ ਵਿੱਚ ਸ਼ਾਮਲ ਕਰਨ ਲਈ ਆਗਿਆ ਦਿੱਤੀ।

© ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਦਿੱਲੀ-110092

ਪ੍ਰਕਾਸ਼ਕ
ਡਾ. ਵੀਰਾ ਗੁਪਤਾ,
ਸੈਕਰੇਟਰੀ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਦਿੱਲੀ-110092

This book or part thereof may not be reproduced by any person of agency in any manner.

Printed at :

# ਮੁੱਖ ਸ਼ਬਦ

ਦੂਸਰੀਆਂ ਆਧੁਨਿਕ ਭਾਰਤੀ ਭਾਸ਼ਾਵਾਂ ਵਾਂਗ ਪੰਜਾਬੀ ਵੀ ਬਹੁਤ ਅਮੀਰ ਭਾਸ਼ਾ ਹੈ। ਇਸ ਵਿੱਚ ਲਿਖੇ ਜਾ ਰਹੇ ਸਾਹਿਤ ਦਾ ਵਿਰਸਾ ਵੀ ਬਹੁਤ ਅਮੀਰ ਹੈ। ਇਸ ਵਿੱਚ ਸਾਰੇ ਸਾਹਿਤ ਰੂਪਾਂ ਵਿਚ ਰਚਨਾ ਕੀਤੀ ਜਾ ਰਹੀ ਹੈ। ਪੰਜਾਬੀ ਸਾਹਿਤ ਦੀ ਪਰੰਪਰਾ ਧਰਮ, ਜਾਤ-ਪਾਤ ਅਤੇ ਇਸ ਪ੍ਰਕਾਰ ਦੀਆਂ ਹੋਰ ਸੀਮਾਵਾਂ ਤੋਂ ਮੁਕਤ ਹੈ।

ਪਿਛਲੇ ਕੁਝ ਸਮੇਂ ਤੋਂ ਇਹ ਮੰਗ ਕੀਤੀ ਜਾ ਰਹੀ ਸੀ ਕਿ ਪੰਜਾਬੀ ਵਿਸ਼ੇ ਵਿੱਚ ਨੌਵੀਂ ਅਤੇ ਦਸਵੀਂ ਜਮਾਤ ਦੀ ਤਰ੍ਹਾਂ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਲਈ ਵੀ ਪਾਠ-ਪੁਸਤਕਾਂ ਬੋਰਡ ਦੁਆਰਾ ਹੀ ਤਿਆਰ ਕਰਵਾਈਆਂ ਜਾਣ। ਇਸ ਮੰਗ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ ਦੁਆਰਾ ਸੀਨੀਅਰ ਸੈਕੰਡਰੀ ਜਮਾਤਾਂ ਲਈ ਨਵੀਆਂ ਪਾਠ-ਪੁਸਤਕਾਂ ਤਿਆਰ ਕਰਾਉਣ ਦੀ ਜ਼ੁੰਮੇਵਾਰੀ ਲਈ ਗਈ। ਇਸ ਜ਼ੁੰਮੇਵਾਰੀ ਅਧੀਨ ਆਧੁਨਿਕ ਪੰਜਾਬੀ ਕਵਿਤਾ ਨਾਲ ਸੰਬੰਧਿਤ ਹਥਲੀ ਪਾਠ-ਪੁਸਤਕ 'ਕਾਵਿ-ਯਾਤਰਾ' ਬੋਰਡ ਦੀ ਬਾਰ੍ਹਵੀਂ ਜਮਾਤ ਲਈ ਤਿਆਰ ਕਰਵਾਈ ਗਈ ਹੈ।

ਇਸ ਪੁਸਤਕ ਵਿੱਚ ਆਧੁਨਿਕ ਪੰਜਾਬੀ ਕਵਿਤਾ, ਜਿਸ ਦਾ ਸੰਬੰਧ ਵਿਦਵਾਨ 19ਵੀਂ ਸਦੀ ਦੇ ਅੱਧ ਤੋਂ ਮੰਨਦੇ ਹਨ, ਨਾਲ ਸੰਬੰਧਿਤ ਦਸ ਪ੍ਰਤੀਨਿੱਧ ਕਵੀਆਂ ਦੀਆਂ ਕਾਵਿ-ਰਚਨਾਵਾਂ ਸ਼ਾਮਿਲ ਹਨ। ਇਸ ਪੁਸਤਕ ਦੀ ਤਿਆਰੀ ਇਕ ਮੰਡਲ ਨੇ ਕੀਤੀ ਹੈ, ਜਿਸ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਮਾਹਿਰ ਸ਼ਾਮਿਲ ਹਨ। ਬੋਰਡ ਵੱਲੋਂ ਇਸ ਪੁਸਤਕ ਦੇ ਖਰੜੇ ਨੂੰ ਸੀਨੀਅਰ ਸੈਕੰਡਰੀ ਜਮਾਤਾਂ ਵਿਚ ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਵਰਕਸ਼ਾਪ ਵਿਚ ਵੀ ਵਿਚਾਰਿਆ ਗਿਆ।

ਮੈਂ ਉਹਨਾਂ ਸਾਰੇ ਪੰਜਾਬੀ ਮਾਹਿਰਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਪੁਸਤਕ ਨੂੰ ਤਿਆਰ ਕਰਨ ਵਿੱਚ ਸਾਡੀ ਸਹਾਇਤਾ ਕੀਤੀ ਹੈ। ਮੈਂ ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ ਦੀ ਡਾ. ਸਾਧਨਾ ਪਰਾਸ਼ਰ, ਪ੍ਰਮੁੱਖ (ਨਵੀਂ ਕਾਢ ਅਤੇ ਖੋਜ) ਅਤੇ ਉਨ੍ਹਾਂ ਦੇ ਸਹਿਯੋਗੀ ਸ੍ਰੀ ਅਲ ਹਿਲਾਲ ਅਹਿਮਦ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀ ਪ੍ਰੇਰਨਾ ਅਤੇ ਸਹੀ ਨਿਰਦੇਸ਼ਨ ਨਾਲ ਅਸੀਂ ਇਸ ਪੁਸਤਕ ਨੂੰ ਤਿਆਰ ਕਰਨ ਵਿੱਚ ਸਫ਼ਲ ਹੋਏ ਹਾਂ। ਮੈਨੂੰ ਭਰੋਸਾ ਹੈ ਕਿ ਪੰਜਾਬੀ ਭਾਸ਼ਾ ਪੜ੍ਹਨ ਵਾਲਿਆਂ ਨੂੰ ਇਸ ਪੁਸਤਕ ਦਾ ਭਰਪੂਰ ਲਾਭ ਹੋਵੇਗਾ।

ਪੁਸਤਕ ਦੇ ਸੁਧਾਰ ਵਾਸਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਆਏ ਸੁਝਾਵਾਂ ਤੇ ਪ੍ਰਤੀਕ੍ਰਿਆਵਾਂ ਦਾ ਸੁਆਗਤ ਕੀਤਾ ਜਾਵੇਗਾ।

**ਵਿਨੀਤ ਜੋਸ਼ੀ**
(ਚੇਅਰਮੈਨ)

# ਕਾਵਿ-ਯਾਤਰਾ

## ਸੀ.ਬੀ.ਐੱਸ.ਈ. ਸਲਾਹਕਾਰ ਕਮੇਟੀ :

**ਸ੍ਰੀ ਵਨੀਤ ਜੋਸ਼ੀ** *(ਆਈ.ਏ.ਐੱਸ.)*
*ਚੇਅਰਮੈਨ, ਸੀ.ਬੀ.ਐੱਸ.ਈ., ਦਿੱਲੀ*

**ਸ੍ਰੀ ਸ਼ਸ਼ੀ ਭੂਸ਼ਣ**
*ਡਾਇਰੈਕਟਰ (ਅਕਾਦਮਿਕ), ਸੀ.ਬੀ.ਐੱਸ.ਈ., ਦਿੱਲੀ*

**ਡਾ. ਸਾਧਨਾ ਪ੍ਰਾਸ਼ਰ**
*ਪ੍ਰਮੁੱਖ, ਨਵੀਂ ਕਾਢ ਤੇ ਖੋਜ, ਸੀ.ਬੀ.ਐੱਸ.ਈ., ਦਿੱਲੀ*

## ਸੰਪਾਦਕੀ ਮੰਡਲ :

**ਡਾ. ਅਮਰੀਕ ਸਿੰਘ ਪੁੰਨੀ** — ਸਾਬਕਾ ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਡਾ. ਵਿਨੈਨੀਤ ਕੌਰ** — ਐਸੋਸੀਏਟ ਪ੍ਰੋਫੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ

**ਸ. ਸੁਰਿੰਦਰਪਾਲ ਸਿੰਘ** — ਮੁੱਖ ਅਧਿਆਪਕ, ਖਾਲਸਾ ਮਿਡਲ ਸਕੂਲ, ਸਰੋਜਿਨੀ ਨਗਰ, ਨਵੀਂ ਦਿੱਲੀ

## ਖਰੜਾ ਰੀਵਿਊਕਾਰ :

**ਡਾ. ਮਨਜੀਤ ਸਿੰਘ** — ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

## ਪ੍ਰਾਜੈਕਟ-ਅਫ਼ਸਰ :

**ਸ੍ਰੀ ਅਲ ਹਿਲਾਲ ਅਹਿਮਦ** — ਸਹਾਇਕ ਸਿੱਖਿਆ ਅਧਿਕਾਰੀ (ਭਾਸ਼ਾਵਾਂ), ਸੀ.ਬੀ.ਐੱਸ.ਈ., ਦਿੱਲੀ

# भारत का संविधान

## उद्देशिका

हम भारत के लोग, भारत को एक[1] (सम्पूर्ण प्रभुत्व-संपन्न समाजवादी पंथनिरपेक्ष लोकतंत्रत्मक गणराज्य) बनाने के लिए, तथा उसके समस्त नागरिकों को :

सामाजिक, आर्थिक और राजनैतिक न्याय,
विचार, अभिव्यक्ति, विश्वास, धर्म
और उपसना की स्वतंत्रता,
प्रतिष्ठा और अवसर की समता
प्राप्त करने के लिए,
तथा उन सब में
वयक्ति की गरिमा और[2] (राष्ट्र की एकता
और अखण्डता) सुनिश्चित करने वाली बंधुता
बढ़ाने के लिए

दृढ़संकल्प होकर अपनी इस संविधान सभा में आज तारीख 26 नवम्बर, 1949 ई0 को एतद्द्वारा इस संविधान को अंगीकृत, अधि ानियमित और आत्मार्पित करते हैं।

1. संविधान (ब्यालीसवां संशोधन) अधिनियम, 1976 की धारा 2 द्वारा (3.1.1977 से) ''प्रभुत्व-संपन्न लोकतंत्रत्मक गणराज्य'' के स्थान पर प्रतिस्थापित।
2. संविधान (ब्यालीसवां संशोधन) अधिनियम, 1976 की धारा 2 द्वारा (3.1.1977 से) ''राष्ट्र की एकता'' के स्थान पर प्रतिस्थापित।

### भाग 4 क

## मूल कर्त्तव्य

**51 क. मूल कर्त्तव्य--भारत के प्रत्येक नागरिक का यह कर्त्तव्य होग कि वह--**

(क) संविधान का पालन करे और उसके आदर्शों, संस्थाओं, राष्ट्र ध्वज और राष्ट्र गान का आदर करे,
(ख) स्वतंत्रता के लिए हमारे राष्ट्रीय आंदोलन को प्रेरित करने वाले उच्च आदर्शों को हदय में संजोए रखें और उनका पालन करें,
(ग) भारत की प्रभुता, एकता और अखंडता की रक्षा करें और उसे अक्षुण्ण रखें,
(घ) देश की रक्षा करें और आह्वान किए जाने पर राष्ट्र की सेवा करें,
(ड) भारत के सभी भेदभाव से परे हों, ऐस प्रथाओं का त्याग करें जो स्त्रियों के सम्मान के विरूद्ध हैं,
(छ) प्राकृतिक पर्यावरण की जिसके अंतर्गत वन, झील, नदी और वन्य जीवन हैं, रक्षा करें और उसका संवर्धन करें तथा प्राणि मात्र के प्रति दया भाव रखें
(ज) वैज्ञानिक दृष्टिकोण, मानववाद, और ज्ञानार्जन तथा सुधार की भावना का विकास करें,
(झ) सार्वजनिक संपत्ति को सुरक्षित रखें और हिंसा से दूर रहें,
(आ) व्यक्तिगत और सामूहिक गतिविधियों से सभी क्षेत्रों में उत्कर्ष की ओर बढ़ने का सतत प्रयार करें जिससे राष्ट्र निरंतर बढ़ते हुए प्रयत्न और उपलब्धि की नई ऊंचाईयों को छू ले।

# THE CONSTITUTION OF INDIA

**PREAMBLE**

WE, THE POEPLE OF INDIA, having solemnly resolved to constitute India into a[1] (Sovereign Socialist Secular Democratic Republic) and to secure to all its citizenes :

JUSTICE, social economic and political;

LIBERTY of thought, experssion, belief, **faith and workship**;

EQUALITY of status and of opportunity; **and to promote among them all**

FRATERNITY assuring the dignity of the individual and the[2] [unity and integrity of the Nation];

IN OUR CONSTITUENT ASSEMBLY this twenty-sixty day of November, 1949, do HEREBY ADOPT, ENACT AND GIVE TO OURSELEVES THIS CONSTITUTION.

1. Subs by the Consitution (Forty-Second Amendment) Act, 1976, sec. 2, for "Sovereign Democratic Republic (w.e.f. 3.1.1977)
2. Subs by the Consitution (Forty-Second Amendment) Act, 1976, sec. 2, for "unity of the Nation (w.e.f. 3.1.1977)

# THE CONSTITUTION OF INDIA

## Chapter IVA
## Foundamental Duties

### ARTICLE 51A

**Fundamental Duties**—It shall be the duty of every citizen of India—

(a) to abide the Consititution and respect its ideals and institutions, the National Flag and the National Anthem ;

(b) to cherish and follow the noble ideals which inspired our national struggle for freedom ;

(c) to uphold and protect the sovereighty, unity and integrity of India;

(d) to defend the country and render national service when called upon to do so;

(e) To promote harmony and the spirit of common brotherhood amongst all the people of India transcending religious, linguistic and regional or sectional diversities ; to renounce practices derogatory to the dignity of women ;

(f) to value and preserve the rich heritage of our composite culture;

(g) to protect and improve the natural environment including forests, lakes, rivers, wild life and to have compassion for living creature ;

(h) to develop the scientific temper, humanism and the spirit of inquiry and reform;

(i) to safeguard public property and to abjure violence;

(j) to strive towards excellence in all shperes of individual and collective activity so that the nation constantly rises to higher levles of endeavour and achievement.

# ਤਤਕਰਾ


ਮੁੱਖ ਸ਼ਬਦ : ਵਿਨੀਤ ਜੋਸ਼ੀ 5

1. ਭਾਈ ਵੀਰ ਸਿੰਘ 13
   - ਕੰਬਦੀ ਕਲਾਈ
   - ਤ੍ਰੇਲ-ਤੁਪਕਾ
   - ਹੋਸ਼ ਮਸਤੀ
2. ਧਨੀ ਰਾਮ ਚਾਤ੍ਰਿਕ 17
   - ਵਿਸਾਖੀ ਦਾ ਮੇਲਾ
   - ਸਮੇਂ ਦੀ ਬਹਾਰ
3. ਪ੍ਰੋ. ਪੂਰਨ ਸਿੰਘ 22
   - ਪੰਜਾਬ ਦੇ ਦਰਿਆ
   - ਗਰਾਂ ਦਾ ਨਿੱਕਾ ਚੂਚਾ
   - ਕ੍ਰਿਸ਼ਨ ਜੀ
4. ਪ੍ਰੋ. ਮੋਹਨ ਸਿੰਘ 27
   - ਤਾਜਮਹਲ
   - ਨਿੱਕਾ ਰੱਬ
   - ਹਵਾ ਦਾ ਜੀਵਨ
5. ਅੰਮ੍ਰਿਤਾ ਪ੍ਰੀਤਮ 34
   - ਸੁੰਦਰਾਂ
   - ਰਾਖੇ
   - ਚੱਪਾ ਚੰਨ
6. ਡਾ. ਹਰਿਭਜਨ ਸਿੰਘ 39
   - ਧੀ
   - ਬਿਰਛ ਨਾਲ ਲੈ ਕੇ ਤੁਰਨਾ ਹੈ
   - ਜਾਲੇ
7. ਸ਼ਿਵ ਕੁਮਾਰ 44
   - ਅਸਾਂ ਜੋਬਨ ਰੁੱਤੇ ਮਰਨਾ
   - ਵਿਧਵਾ ਰੁੱਤ
   - ਲੂਣਾ

8. ਸੁਰਜੀਤ ਪਾਤਰ 51
ਓਹ ਦਿਨ
ਗ਼ਜ਼ਲ
9. ਮੋਹਨਜੀਤ 55
ਮਾਂ
ਮੇਰੇ ਮਹਿਰਮਾ
10. ਮਨਜੀਤ ਟਿਵਾਣਾ 59
ਰਿਸ਼ਤਿਆਂ ਦਾ ਕੀ ਰੱਖੀਏ ਨਾਂ
ਜ਼ਰਾ ਸੋਚੋ

# ਭਾਈ ਵੀਰ ਸਿੰਘ

**(1872 - 1958)**

## 1. ਕੰਬਦੀ ਕਲਾਈ

ਸੁਪਨੇ ਵਿਚ ਤੁਸੀਂ ਮਿਲੇ ਅਸਾਂਨੂੰ
ਅਸਾਂ ਧਾ ਗਲਵਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨਾ ਆਏ
ਸਾਡੀ ਕੰਬਦੀ ਰਹੀ ਕਲਾਈ,

ਧਾ ਚਰਨਾਂ ਤੇ ਸੀਸ ਨਿਵਾਇਆ
ਸਾਡੇ ਮੱਥੇ ਛੋਹ ਨ ਪਾਈ,
ਤੁਸੀਂ ਉੱਚੇ ਅਸੀਂ ਨੀਵੇਂ ਸਾਂ
ਸਾਡੀ ਪੇਸ਼ ਨਾ ਗਈਆ ਕਾਈ,

ਫਿਰ ਲੜ ਫੜਨੇ ਨੂੰ ਉਠ ਦਉੜੇ
ਪਰ ਲੜ ਉਹ 'ਬਿਜਲੀ ਲਹਿਰਾ'
ਉਡਦਾ ਜਾਂਦਾ, ਪਰ ਓਹ ਆਪਣੀ
ਛੁਹ ਸਾਨੂੰ ਗਯਾ ਲਾਈ,

ਮਿੱਟੀ ਚਮਕ ਪਈ ਇਹ ਮੋਈ
ਤੇ ਤੁਸੀਂ ਲੂੰਆਂ ਵਿਚ ਲਿਸ਼ਕੇ
ਬਿਜਲੀ ਕੂੰਦ ਗਈ ਥਰਰਾਂਦੀ
ਹੁਣ ਚਕਾਚੂੰਧ ਹੈ ਛਾਈ।

## ਟਿੱਪਣੀ

ਇਸ ਕਵਿਤਾ ਵਿਚ ਭਾਈ ਵੀਰ ਸਿੰਘ ਨੇ ਰਹੱਸ ਦਾ ਚਿਤਰਨ ਕੀਤਾ ਹੈ। ਕਵਿਤਾ ਵਿਚ ਅਰੰਭ ਤੋਂ ਲੈ ਕੇ ਅੰਤ ਤਕ ਸੁਪਨੇ ਦੇ ਵਾਤਾਵਰਨ ਨੂੰ ਸਿਰਜਿਆ ਗਿਆ ਹੈ। ਇਸ ਰਹੱਸ ਵਿਚ ਤਨਾਉ ਹੈ, ਪਰ ਤਨਾਉ ਕਾਰਨ ਉਪਜਣ ਵਾਲੀ ਸ਼ਾਂਤੀ ਨਹੀਂ। ਕਵਿਤਾ ਵਿਚ ਰਹੱਸ ਜਿਹਾ ਪ੍ਰਤੀਤ ਹੁੰਦਾ ਹੈ, ਕਵੀ ਨੂੰ ਸਭ ਕੁਝ ਆਪਣੇ ਆਲੇ-ਦੁਆਲੇ ਨਜ਼ਰ ਆਉਂਦਾ ਹੈ ਪਰ, ਹੱਥ ਨਹੀਂ ਆਉਂਦਾ। ਮੇਲ ਅਤੇ ਅਮੇਲ ਦੇ ਰਹੱਸ ਵਿਚ ਹੀ ਕਵਿਤਾ ਸੰਪੂਰਨ ਹੁੰਦੀ ਹੈ।

## ਔਖੇ ਸ਼ਬਦਾਂ ਦੇ ਅਰਥ

ਧਾ—ਦੌੜ ਕੇ। ਗਲਵਕੜੀ—ਗਲੇ ਲਗਾਉਣਾ। ਨਿਰਾ ਨੂਰ—ਸੁਧਾ ਪ੍ਰਕਾਸ਼ (ਕਿਸੇ ਦੀ ਹੋਂਦ ਨੂੰ ਪੂਰਨ ਪ੍ਰਕਾਸ਼ ਰਾਹੀਂ ਵਿਅਕਤ ਕਰਨਾ)। ਕਲਾਈ—ਵੀਣੀ (ਗੁਟ)। ਪੇਸ਼ ਨਾ ਜਾਣਾ—ਪੂਰੇ ਜਤਨ ਕਰਕੇ ਵੀ ਕੋਈ ਲਾਭ ਨਾ ਹੋਣਾ। ਬਿਜਲੀ ਲਹਿਰਾ—ਬਿਜਲੀ ਦੀ ਚਮਕ ਵਰਗਾ। ਮੋਈ—ਬੇਜਾਨ। ਲੂੰਆਂ—ਲੂੰ ਕੰਡੇ ਖੜ੍ਹੇ ਹੋਣਾ। ਚਕਾਚੂੰਧ—ਚੁੰਧਿਆ ਦੇਣ ਵਾਲੀ ਬਿਜਲੀ ਦਾ ਪ੍ਰਭਾਵ।

## ਪ੍ਰਸ਼ਨ

1. ਕਵੀ ਦੀ ਕਲਾਈ ਕਿਉਂ ਕੰਬ ਰਹੀ ਹੈ ?
2. 'ਨਿਰਾ ਨੂਰ' ਸ਼ਬਦ ਕਿਸ ਲਈ ਵਰਤਿਆ ਗਿਆ ਹੈ ?
3. ਕਵਿਤਾ ਵਿਚਲੇ ਰਹੱਸ ਬਾਰੇ ਲਿਖੋ।

# 2. ਤ੍ਰੇਲ-ਤੁਪਕਾ

ਮੋਤੀ ਵਾਂਙੂ ਡਲ੍ਹਕਦਾ
ਤੁਪਕਾ ਇਹ ਜੋ ਤ੍ਰੇਲ,
ਗੋਦੀ ਬੈਠ ਗੁਲਾਬ ਦੀ
ਹਸ ਹਸ ਕਰਦਾ ਕੇਲ,
ਵਾਸੀ ਦੇਸ਼ ਅਰੂਪ ਦਾ
ਕਰਦਾ ਪਯਾਰ ਅਪਾਰ,
ਰੂਪਵਾਨ ਹੈ ਹੋ ਗਿਆ
ਪਯਾਰੀ ਗੋਦ ਵਿਚਾਲ,
ਅਰਸ਼ੀ ਕਿਰਨ ਇਕ ਆਵਸੀ
ਲੈਸੀ ਏਸ ਲੁਕਾਇ,
ਝੋਕਾ ਮਤ ਕੁਈ ਪੌਣ ਦਾ
ਦੇਵੇ ਧਰਤ ਗਿਰਾਇ।
ਨਿੱਤ ਪਯਾਰ ਖਿਚ ਲਯਾਂਵਦਾ
ਕਰੇ ਅਰੂਪੋਂ ਰੂਪ,

ਅਰਸ਼ੀ ਪ੍ਰੀਤਮ ਹੈ ਕੁਈ
ਨਿਤ ਫਿਰ ਕਰੇ ਅਰੂਪ।

## ਟਿੱਪਣੀ

ਕਵਿਤਾ ਵਿਚ ਕਵੀ ਸੰਸਾਰ ਦੇ ਰਹੱਸ ਨੂੰ ਤ੍ਰੇਲ-ਤੁਪਕੇ ਦੇ ਪ੍ਰਤੀਕ ਰਾਹੀਂ ਦਾਰਸ਼ਨਿਕ ਦ੍ਰਿਸ਼ਟੀ ਨਾਲ ਪੇਸ਼ ਕਰਦਾ ਹੈ। ਗੁਲਾਬ ਦੇ ਫੁੱਲ ਤੇ ਪੈਣ ਤੋਂ ਬਾਅਦ ਤ੍ਰੇਲ-ਤੁਪਕਾ ਮੋਤੀ ਦੀ ਤਰ੍ਹਾਂ ਸੁਹਣਾ ਲੱਗ ਰਿਹਾ ਹੈ। ਅਰਸ਼ ਤੋਂ ਪੈਣ ਵਾਲੀ ਧੁੱਪ ਦੀ ਕਿਰਨ ਇਸਨੂੰ ਆਪਣੇ ਅੰਦਰ ਲੁਕਾ ਕੇ ਪੌਣ ਦੇ ਝੋਕੇ ਨਾਲ ਡਿੱਗਣ ਤੋਂ ਬਚਾ ਲਵੇਗੀ। ਕਵੀ ਨੇ ਤ੍ਰੇਲ-ਤੁਪਕੇ ਦਾ ਪ੍ਰਤੀਕ ਵਰਤ ਕੇ ਇਸ ਸੰਸਾਰ ਦੀ ਖੇਡ ਦੇ ਰਹੱਸ ਨੂੰ ਬੜੇ ਸਹਿਜ ਨਾਲ ਪੇਸ਼ ਕੀਤਾ ਹੈ।

## ਔਖੇ ਸ਼ਬਦਾਂ ਦੇ ਅਰਥ

ਵਾਂਙੂ—ਤਰ੍ਹਾਂ। ਡਲ੍ਹਕਦਾ—ਡਿੱਗਦਾ। ਤੁਪਕਾ—ਬੂੰਦ। ਤ੍ਰੇਲ—ਓਸ। ਕੇਲ—ਖੇਡ। ਵਾਸੀ—ਰਹਿਣ ਵਾਲਾ। ਦੇਸ਼ ਅਰੂਪ—ਅਰਸ਼ੀ ਪ੍ਰੀਤਮ ਦਾ ਦੇਸ ਜੋ ਧਰਤੀ ਵਾਲੀਆਂ ਸ਼ਕਲਾਂ ਸੂਰਤਾਂ ਤੋਂ ਭਿੰਨ ਹੈ। ਅਪਾਰ—ਜਿਸ ਦੇ ਪਾਰ ਨਾ ਵੇਖਿਆ ਜਾ ਸਕੇ। ਰੂਪਵਾਨ—ਖ਼ੂਬਸੂਰਤ ਸ਼ਕਲ ਵਾਲਾ। ਵਿਚਾਲ—ਵਿਚ ਆ ਕੇ। ਅਰਸ਼ੀ ਕਿਰਨ—ਅਸਮਾਨੀ ਰੌਸ਼ਨੀ। ਆਵਸੀ—ਆਵੇਗੀ। ਲੁਕਾਇ—ਲੁਕਾਉਣਾ। ਝੋਕਾ—ਜ਼ੋਰਦਾਰ ਹਵਾ। ਨਿੱਤ—ਹਰ ਰੋਜ਼।

## ਪ੍ਰਸ਼ਨ

1. ਗੁਲਾਬ ਦੀ ਗੋਦੀ ਵਿਚ ਬੈਠ ਕੇ ਤ੍ਰੇਲ ਤੁਪਕੇ ਵਿਚ ਕੀ ਤਬਦੀਲੀ ਆਈ ?
2. ਅਰਸ਼ ਦੀ ਕਿਰਨ ਨੂੰ ਕਾਹਦਾ ਡਰ ਹੈ ?
3. ਤ੍ਰੇਲ-ਤੁਪਕਾ ਅਰੂਪੋਂ-ਰੂਪ ਅਤੇ ਰੂਪੋਂ-ਅਰੂਪ ਕਿਵੇਂ ਹੁੰਦਾ ਹੈ ?

# 3. ਹੋਸ਼ ਮਸਤੀ

ਕੀ ਹੋਇਆ ਤੇ ਕੀਕੂੰ ਹੋਇਆ,
ਖਪ ਖਪ ਮਰੇ ਸਿਆਣੇ,
ਓਸੇ ਰਾਹ ਪਵੇਂ ਕਿਉਂ ਜਿੰਦੇ !
ਜਿਸ ਰਾਹ ਪੂਰ ਮੁਹਾਣੇ,
ਭਟਕਣ ਛੱਡ, ਲਟਕ ਲਾ ਇੱਕੋ
ਖੀਵੀ ਹੋ ਸੁਖ ਮਾਣੀ,
ਹੋਸ਼ਾਂ ਨਾਲੋਂ ਮਸਤੀ ਚੰਗੀ,
ਰਖਦੀ ਸਦਾ ਟਿਕਾਣੇ।

## ਟਿੱਪਣੀ

ਇਸ ਕਵਿਤਾ ਵਿਚ ਕਵੀ ਨੇ ਹੋਸ਼ ਵਿਚ ਭਾਵ ਚੇਤਨ ਮਨੁੱਖ ਦੇ ਤਨਾਉਮਈ ਮਨੋਭਾਵਾਂ ਨਾਲੋਂ ਮਸਤੀ ਭਾਵ ਅਚੇਤ ਮਨੁੱਖ ਦੀ ਤਨਾਉ ਰਹਿਤ ਸਥਿਤੀ ਨੂੰ ਵਧੇਰੇ ਚੰਗਾ ਮੰਨਿਆ ਹੈ। ਹੋਸ਼ ਵਿਚ ਮਨੁੱਖ ਹਰ ਗੱਲ ਦਾ ਕਾਰਨ ਲੱਭਦਾ

ਤਨਾਉ 'ਚ ਰਹਿੰਦਾ ਹੈ। ਦੂਜੇ ਪਾਸੇ ਮਸਤੀ ਵਾਲਾ ਜੀਵਨ ਮਨੁੱਖ ਨੂੰ ਸਦਾ ਨਿਸ਼ਚਿੰਤ ਅਤੇ ਆਪਣੀ ਮਸਤ ਰੌਂਅ 'ਚ ਰੱਖਦਾ ਹੈ, ਜੋ ਨਿਸਚਿਤ ਹੀ ਹੋਸ਼ ਨਾਲੋਂ ਬਿਹਤਰ ਹੈ।

## ਔਖੇ ਸ਼ਬਦਾਂ ਦੇ ਅਰਥ

ਕੀਕੂੰ—ਕਿਸ ਤਰ੍ਹਾਂ। ਖਪ ਖਪ—ਚਿੰਤਾ ਨਾਲ ਅੱਕ ਜਾਣਾ। ਸਿਆਣੇ—ਗਿਆਨੀ ਮਨੁੱਖ। ਪੂਰ—ਯਾਤਰੀਆਂ ਨਾਲ ਭਰੀ ਬੇੜੀ। ਮੁਹਾਣੇ—ਮਲਾਹ, ਬੇੜੀ ਚਲਾਉਣ ਵਾਲਾ। ਖੀਵੀ—ਮਸਤ, ਲੋਰ ਵਿਚ ਆ ਜਾਣਾ। ਮਾਣੀ—ਮਾਣਨਾ। ਟਿਕਾਣੇ—ਅਰਾਮ ਵਾਲੀ ਸਥਿਤੀ।

## ਪ੍ਰਸ਼ਨ

1. ਸਿਆਣੇ ਕਿਹੜਾ ਭੇਦ ਲੱਭਦੇ ਹੋਏ ਮਰ ਗਏ ?
2. ਹੋਸ਼ਾਂ ਨਾਲੋਂ ਮਸਤੀ ਨੂੰ ਕਿਉਂ ਚੰਗਾ ਕਿਹਾ ਗਿਆ ਹੈ ?

## ਕਵੀ ਬਾਰੇ ਜਾਣਕਾਰੀ

ਜਨਮ ਸਥਾਨ : ਅੰਮ੍ਰਿਤਸਰ

ਵਿਦਿਆ : ਡੀ. ਓ. ਐਲ. ਦੀ ਡਿਗਰੀ, ਪੰਜਾਬੀ ਯੂਨੀਵਰਸਿਟੀ ਵਲੋਂ 1949 ਵਿਚ ਪ੍ਰਦਾਨ।

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਕਵੀ ਮੰਨੇ ਜਾਂਦੇ ਹਨ। ਉਨ੍ਹਾਂ ਨੇ ਕਵਿਤਾਵਾਂ ਤੋਂ ਇਲਾਵਾ ਸਾਹਿਤ ਦੇ ਹੋਰ ਰੂਪਾਂ—ਨਾਵਲ, ਨਾਟਕ, ਵਾਰਤਕ ਅਤੇ ਆਲੋਚਨਾ ਨਾਲ ਸੰਬੰਧਤ ਪੁਸਤਕਾਂ ਦੀ ਰਚਨਾ ਕੀਤੀ। ਉਨ੍ਹਾਂ ਦੀਆਂ ਕੁਝ ਪ੍ਰਸਿੱਧ ਕਾਵਿ ਪੁਸਤਕਾਂ 'ਰਾਣਾ ਸੂਰਤ ਸਿੰਘ', 'ਤ੍ਰੇਲ ਤੁਪਕੇ', 'ਮਟਕ ਹੁਲਾਰੇ', 'ਬਿਜਲੀਆਂ ਦੇ ਹਾਰ', 'ਲਹਿਰਾਂ ਦੇ ਹਾਰ', 'ਕੰਬਦੀ ਕਲਾਈ' ਆਦਿ ਹਨ।

ਭਾਈ ਵੀਰ ਸਿੰਘ ਨੂੰ ਭਾਰਤੀ ਸਾਹਿਤ ਅਕਾਦਮੀ ਵਲੋਂ 'ਮੇਰੇ ਸਾਈਆਂ ਜੀਓ' ਲਈ ਐਵਾਰਡ (1954) ਅਤੇ ਪਦਮ ਭੂਸ਼ਣ (1956) ਨਾਲ ਸਨਮਾਨਿਤ ਕੀਤਾ ਗਿਆ।

# ਧਨੀ ਰਾਮ ਚਾਤ੍ਰਿਕ

## (1876 – 1954)

## 1. ਵਿਸਾਖੀ ਦਾ ਮੇਲਾ

***ਇਹ ਮੇਲਾ ਲਗਭਗ ਪੰਜਾਬ ਦੇ ਸਾਰੇ ਹਿੱਸਿਆਂ ਵਿਚ ਮਨਾਇਆ ਜਾਂਦਾ ਹੈ ; ਮਾਝੇ ਵਿਚ ਇਸ ਦੀ ਰੌਣਕ ਖ਼ਾਸ ਤੌਰ ਤੇ ਦੇਖਣ ਵਾਲੀ ਹੁੰਦੀ ਹੈ।***

1. ਪੱਕ ਗਈਆਂ ਕਣਕਾਂ, ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।
ਬਾਗ਼ਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ।
ਪੁੰਗਰੀਆਂ ਵੇਲਾਂ, ਵੇਲਾਂ ਰੁੱਖੀਂ ਚੜ੍ਹੀਆਂ,
ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ।
ਸਾਈਂ ਦੀ ਨਿਗਾਹ ਜੱਗ ਤੇ ਸਵੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ।

2. ਦੂਰ ਦੂਰ ਥਾਓਂ ਵਣਜਾਰੇ ਆਏ ਨੇਂ
ਸੁਹਣੇ ਸੁਹਣੇ ਕੁੰਜਾਂ ਤੇ ਫ਼ੀਤੇ ਲਿਆਏ ਨੇਂ।
ਗਜਰਿਆਂ ਤੇ ਵੰਗਾਂ ਦਾ ਨਾ ਅੰਤ ਕੋਈ ਏ,
ਮੰਡੀ ਝੂਠੇ ਗਹਿਣਿਆਂ ਦੀ ਲੱਗੀ ਹੋਈ ਏ।
ਹੱਟੀਆਂ ਹਜ਼ਾਰਾਂ ਹਲਵਾਈਆਂ ਲਾਈਆਂ,
ਸੈਂਕੜੇ ਸੁਗਾਤਾਂ ਨਾਲੇ ਹੋਰ ਆਈਆਂ,

ਹੱਟੀ ਹੱਟੀ ਸ਼ੌਂਕੀਆਂ ਦੀ ਭੀੜ ਖੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ।

3. ਥਾਈਂ ਥਾਈਂ ਖੇਡਾਂ ਤੇ ਪੰਘੂੜੇ ਆਏ ਨੇਂ,
ਜੋਗੀਆਂ ਮਦਾਰੀਆਂ ਤਮਾਸ਼ੇ ਲਾਏ ਨੇਂ।
ਵੰਝਲੀ, ਲੰਗੋਜਾ, ਕਾਂਟੋ, ਤੂੰਬਾ ਵੱਜਦੇ,
ਛਿੰਝ ਵਿੱਚ ਸੂਰੇ ਪਹਿਲਵਾਨ ਗੱਜਦੇ।
ਕੱਠਾ ਹੋ ਕੇ ਆਇਆ ਰੌਲਾ ਸਾਰੇ ਜੱਗ ਦਾ,
ਭੀੜ ਵਿੱਚ ਮੋਢੇ ਨਾਲ ਮੋਢਾ ਵੱਜਦਾ।
ਕੋਹਾਂ ਵਿੱਚ ਮੇਲੇ ਨੇ ਜ਼ਮੀਨ ਮੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ।

4. ਬਾਲ, ਬੁੱਢੇ, ਗੱਭਰੂ, ਮੇਲੇ ’ਚਿ ਆਏ ਨੇਂ,
ਟੁੰਬ ਟੁੰਬ ਰੀਝਾਂ ਨੇ ਸਾਰੇ ਜਗਾਏ ਨੇਂ।
ਭਾਂਤੋਂ ਭਾਂਤ ਦਿਲ, ਭਾਂਤੋਂ ਭਾਂਤ ਮਾਲ ਨੇਂ,
ਟੋਲ ਰਹੇ ਆਪੋ ਆਪਣਾ ਖ਼ਿਆਲ ਨੇਂ।
ਮੇਲੇ ਦੀ ਬਹਾਰ ਏ ਤਿਕਾਲਾਂ ਤੀਕ ਏ,
ਸੌਦਾ ਲੈ ਵਿਹਾਝ, ਜਿਦ੍ਹੀ ਜੋ ਤਫ਼ੀਕ ਏ।
ਪਲੋ ਪਲੀ ਵਿੱਚ ਹੋਣੀ ਚੱਲੋ ਚੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ।

## ਟਿੱਪਣੀ

‘ਵਿਸਾਖੀ ਦਾ ਮੇਲਾ’ ਕਵਿਤਾ ਵਿਚ ਕਵੀ ਨੇ ਪੰਜਾਬ ਦੇ ਵਿਸਾਖੀ ਦੇ ਮੇਲੇ ਦਾ ਬਹੁਤ ਪ੍ਰਭਾਵਸ਼ਾਲੀ ਚਿੱਤਰ ਪੇਸ਼ ਕੀਤਾ ਹੈ। ਵਿਸਾਖ ਦੇ ਮਹੀਨੇ ਵਿਚ ਮੌਸਮ ਅਤੇ ਬਨਸਪਤੀ ਆਪਣੇ ਪੂਰੇ ਰੌਅ ਵਿਚ ਹੁੰਦੀ ਹੈ, ਅਜਿਹੇ ਸਮੇਂ ਵਾਪਰੀਆਂ ਤਬਦੀਲੀਆਂ ਨੂੰ ਮਨੁੱਖੀ ਮਨ ਦੇ ਖੇੜੇ ਨਾਲ ਜੋੜ ਕੇ ਬਿਆਨ ਕੀਤਾ ਹੈ। ਮੇਲੇ ਦਾ ਦ੍ਰਿਸ਼ ਪੰਜਾਬ ਦੇ ਲੋਕਾਂ ਦੀ ਅਮੀਰ ਆਰਥਿਕਤਾ, ਵਿਰਸੇ ਅਤੇ ਸਭਿਆਚਾਰ ਨੂੰ ਪ੍ਰਸਤੁਤ ਕਰਦਾ ਹੈ।

## ਔਖੇ ਸ਼ਬਦਾਂ ਦੇ ਅਰਥ

ਲੁਕਾਠ—ਫਲ। ਲਿਫਾਈਆਂ—ਝੁਕਾਈਆਂ। ਪੁੰਗਰੀਆਂ—ਫੁੱਟੀਆਂ। ਰੁੱਖੀਂ—ਰੁੱਖਾਂ ਦੇ ਉੱਤੇ। ਨਿਗਾਹ—ਨਜ਼ਰ। ਜੱਗ—ਦੁਨੀਆ। ਨਜ਼ਰ ਸਵੱਲੀ—ਮਿਹਰ ਵਾਲੀ ਨਜ਼ਰ। ਵਣਜਾਰੇ—ਵਪਾਰੀ। ਕੁੰਜਾਂ—ਲੇਸ, ਇਕ ਤਰ੍ਹਾਂ ਦੀ ਕਿਨਾਰੀ। ਸੁਗਾਤਾਂ—ਚੀਜ਼ਾਂ। ਛਿੰਝ—ਅਖਾੜਾ। ਸੂਰੇ—ਬਹਾਦਰ। ਰੀਝਾਂ—ਇਛਾਵਾਂ। ਤਿਕਾਲਾਂ—ਸ਼ਾਮ। ਵਿਹਾਝ—ਖਰੀਦਣਾ। ਤਫ਼ੀਕ—ਹੈਸੀਅਤ।

## ਪ੍ਰਸ਼ਨ

1. ਕਵਿਤਾ ਵਿਚ ਵਿਸਾਖ ਦੇ ਮਹੀਨੇ ਬਨਸਪਤੀ ਵਿਚ ਆਈਆਂ ਕਿਹੜੀਆਂ ਤਬਦੀਲੀਆਂ ਦੀ ਗੱਲ ਕੀਤੀ ਗਈ ਹੈ?

2. ਕਵਿਤਾ ਵਿਚਲੇ ਮੇਲੇ ਦੇ ਦ੍ਰਿਸ਼ ਨੂੰ ਆਪਣੇ ਸ਼ਬਦਾਂ ਵਿਚ ਲਿਖੋ।
3. ਕਵਿਤਾ ਵਿਚ ਕਿਹੜੇ ਸਭਿਆਚਾਰ ਦੀ ਝਲਕ ਮਿਲਦੀ ਹੈ।

# 2. ਸਮੇਂ ਦੀ ਬਹਾਰ (ਗੀਤ)

ਨਵੀਓਂ ਨਵੀਂ ਬਹਾਰ
ਸਮੇਂ ਦੀ ਨਵੀਓਂ ਨਵੀਂ ਬਹਾਰ।

1. ਨਵੇਂ ਸਮੇਂ ਦੇ ਨਵੇਂ ਨਜ਼ਾਰੇ,
ਨਵੀਂ ਜਵਾਨੀ, ਨਵੇਂ ਹੁਲਾਰੇ,
ਨਵੇਂ ਬਜ਼ਾਰ, ਤਮਾਸ਼ੇ, ਮੇਲੇ,
ਨਵੇਂ ਹੁਸੀਨ, ਨਵੇਂ ਅਲਬੇਲੇ,
ਨਵੀਂ ਨਸ਼ੇ ਦੀ ਤਾਰ,
ਸਮੇਂ ਦੀ ਨਵੀਓਂ ਨਵੀਂ ਬਹਾਰ।

2. ਪਿਛਲੀ ਹੋ ਗਈ ਗੱਲ ਪੁਰਾਣੀ,
ਨਵਿਆਂ ਛੋਹੀ ਨਵੀਂ ਕਹਾਣੀ।
ਪਿਛਲੇ ਲੀਹਾਂ ਨਾਲ ਖਲੋ ਗਏ,
ਨਵੇਂ ਨਿਸ਼ਾਨ ਅਗੇਰੇ ਹੋ ਗਏ,
ਬਦਲ ਗਿਆ ਸੰਸਾਰ,
ਸਮੇਂ ਦੀ ਨਵੀਓਂ ਨਵੀਂ ਬਹਾਰ।

3. ਕੁਦਰਤ ਅਦਲ-ਬਦਲ ਤੇ ਹੱਸੀ,
ਨਵੀਂ ਸੜਕ ਨਵਿਆਂ ਨੂੰ ਦੱਸੀ।
ਸਹਿਮ ਗ਼ੁਲਾਮੀ ਅੰਦਰ ਵੜ ਗਈ,
ਆਜ਼ਾਦੀ ਕੋਠੇ ਤੇ ਚੜ੍ਹ ਗਈ,
ਲਿਆ ਮੋਰਚਾ ਮਾਰ,
ਸਮੇਂ ਦੀ ਨਵੀਓਂ ਨਵੀਂ ਬਹਾਰ।

4. ਰਹੇ ਪੁਰਾਣੇ ਰੌਲਾ ਪਾਂਦੇ,
ਨਵੇਂ ਵਧ ਗਏ ਹਸਦੇ ਗਾਂਦੇ।
ਨੱਚ ਖਲੋਤੀ ਫਿਰਕੇਦਾਰੀ,

ਮਚਲਾ ਹੋ ਗਿਆ ਚਤੁਰ ਮਦਾਰੀ,
ਲੱਗਾ ਦੇਣ ਪਿਆਰ,
ਸਮੇਂ ਦੀ ਨਵੀਓਂ ਨਵੀਂ ਬਹਾਰ।

5. ਬਾਬਾ ! ਰਾਹੋਂ ਲਾਂਭੇ ਹੋ ਜਾ,
ਜਾਂ ਨਵਿਆਂ ਦੇ ਨਾਲ ਖਲੋ ਜਾ।
ਪਿਛਲੀਆਂ ਲਹਿਰਾਂ ਕਿੱਥੇ ਗਈਆਂ,
ਇਹ ਹੁਣ ਹੰਭਲੇ ਮਾਰਨ ਪਈਆਂ,
ਅਗਲੀਆਂ ਹੋਰ ਤਿਆਰ,
ਸਮੇਂ ਦੀ ਨਵੀਓਂ ਨਵੀਂ ਬਹਾਰ।

6. ਤੱਤੇ ਠੰਡੇ ਸਮੇਂ ਸਮੋਏ,
ਵਕਤ ਨਜਿੱਠਣ ਕੱਠੇ ਹੋਏ।
ਜੁਗ ਜੁਗ ਚਕ੍ਰ ਕਾਲ ਦਾ ਚੱਲੇ,
ਔਖੇ, ਹੁੰਦੇ ਜਾਣ ਸੁਖੱਲੇ,
ਤੁਰੀ ਰਹੇ ਰਫ਼ਤਾਰ,
ਸਮੇਂ ਦੀ ਨਵੀਓਂ ਨਵੀਂ ਬਹਾਰ।

## ਟਿੱਪਣੀ

'ਸਮੇਂ ਦੀ ਬਹਾਰ' ਗੀਤ ਵਿਚ ਧਨੀ ਰਾਮ ਚਾਤ੍ਰਿਕ ਨੇ ਠੇਠ ਅਤੇ ਮੁਹਾਵਰੇਦਾਰ ਭਾਸ਼ਾ ਦੀ ਵਰਤੋਂ ਕੀਤੀ ਹੈ। ਆਧੁਨਿਕ ਸਮਾਜ ਵਿਚ ਆ ਰਹੀ ਤਬਦੀਲੀ ਨੂੰ ਪੇਸ਼ ਕੀਤਾ ਹੈ। ਨਵੇਂ ਸਮੇਂ ਵਿਚ ਨਵੇਂ ਸਮਾਜ ਦੀ ਆਜ਼ਾਦ ਤੇ ਅਗਾਂਹਵਧੂ ਸੋਚ ਅਤੇ ਤਕਨੀਕੀ ਵਿਕਾਸ ਨਾਲ ਆਏ ਬਦਲਾਓ ਦੀ ਗੱਲ ਕੀਤੀ ਹੈ ਅਤੇ ਨਾਲ ਹੀ ਇਹ ਵੀ ਸੁਨੇਹਾ ਦਿੱਤਾ ਹੈ ਕਿ ਪੁਰਾਣੀ ਸੋਚ ਵਾਲਿਆਂ ਨੂੰ ਇਸ ਨਵੀਂ ਸੋਚ ਵਾਲਿਆਂ ਨਾਲ ਮਿਲ ਕੇ ਚਲਣਾ ਚਾਹੀਦਾ ਹੈ, ਜੇ ਇਸ ਵੇਲੇ ਉਨ੍ਹਾਂ ਨੇ ਪੁਰਾਣੀ ਸੋਚ ਛੱਡ ਕੇ ਨਵੀਂ ਸੋਚ ਨੂੰ ਨਾ ਅਪਨਾਇਆ ਤਾਂ ਉਹ ਸਭ ਪਿੱਛੇ ਰਹਿ ਜਾਣਗੇ।

## ਔਖੇ ਸ਼ਬਦਾਂ ਦੇ ਅਰਥ

ਹੁਲਾਰੇ—ਝੂਟੇ। ਅਲਬੇਲੇ—ਮਸਤ। ਨਵਿਆਂ—ਅੱਜ ਦੀ ਨੌਜਵਾਨ ਪੀੜੀ। ਪਿਛਲੇ—ਪਹਿਲੇ ਲੋਕ। ਲੀਹਾਂ—ਪੁਰਾਣੇ ਵਿਚਾਰਾਂ। ਨਵੇਂ ਨਿਸ਼ਾਨ—ਨਵੀਆਂ ਕਾਢਾਂ ਅਤੇ ਵਿਚਾਰ। ਸਹਿਮ—ਡਰ। ਮੋਰਚਾ ਮਾਰਨਾ—ਜਿੱਤ ਪ੍ਰਾਪਤ ਕਰਨੀ। ਮਚਲਾ—ਬਹਾਨੇਬਾਜ਼। ਲਾਂਭੇ—ਇਕ ਪਾਸੇ, ਪਰ੍ਹੇ ਹੱਟਣਾ। ਹੰਭਲੇ—ਪੂਰੇ ਜ਼ੋਰ ਨਾਲ ਕੰਮ ਕਰਨਾ। ਅਗਲੀਆਂ—ਆਉਣ ਵਾਲੀ ਨੌਜਵਾਨ ਪੀੜ੍ਹੀ। ਤੱਤੇ—ਮਾੜੇ। ਠੰਡੇ—ਚੰਗੇ। ਸਮੋਏ—ਸਮਾ ਜਾਣਾ। ਨਜਿੱਠਣਾ—ਫੈਸਲਾ ਕਰਨਾ।

## ਪ੍ਰਸ਼ਨ

1. ਇਸ ਕਵਿਤਾ ਵਿਚ ਸਮੇਂ ਦੀ ਕਿਹੜੀ ਤਬਦੀਲੀ ਦੀ ਗੱਲ ਕੀਤੀ ਗਈ ਹੈ ?
2. 'ਪਿਛਲੇ ਲੀਹਾਂ ਨਾਲ ਖਲੋ ਗਏ' ਤੋਂ ਕੀ ਭਾਵ ਹੈ ?

3. ਫਿਰਕੇਦਾਰੀ ਤੋਂ ਕਵੀ ਦਾ ਕੀ ਭਾਵ ਹੈ ?

4. ਬਾਬੇ ਨੂੰ ਕਵਿਤਾ ਵਿਚ ਕੀ ਤਾੜਨਾ ਕੀਤੀ ਗਈ ਹੈ ?

## ਕਵੀ ਬਾਰੇ ਜਾਣਕਾਰੀ

ਜਨਮ ਸਥਾਨ : ਪਿੰਡ ਪਸੀਆਂ ਵਾਲਾ, ਜ਼ਿਲ੍ਹਾ ਸਿਆਲਕੋਟ, ਸ਼ੇਖੂਪੁਰਾ (ਪਾਕਿਸਤਾਨ), ਵਸਨੀਕ-ਅੰਮ੍ਰਿਤਸਰ।

ਵਿਦਿਆ : ਸਕੂਲੀ ਪੱਧਰ ਤਕ।

ਧਨੀ ਰਾਮ ਚਾਤ੍ਰਿਕ ਆਧੁਨਿਕ ਪੰਜਾਬੀ ਕਵਿਤਾ ਵਿਚ ਵਿਸ਼ੇਸ਼ ਸਥਾਨ ਰਖਦਾ ਹੈ। ਇਹ ਭਾਈ ਵੀਰ ਸਿੰਘ ਦਾ ਸਮਕਾਲੀ ਕਵੀ ਹੈ। ਉਸਦੀ ਕਵਿਤਾ ਦੀ ਵਿਸ਼ੇਸ਼ਤਾ ਪੇਂਡੂ ਜੀਵਨ ਦਾ ਚਿਤਰਨ ਅਤੇ ਠੇਠ ਤੇ ਮੁਹਾਵਰੇਦਾਰ ਬੋਲੀ ਹੈ। ਧਨੀ ਰਾਮ ਚਾਤ੍ਰਿਕ ਨੇ ਕਵਿਤਾ ਤੋਂ ਇਲਾਵਾ ਵਾਰਤਕ ਵਿਚ ਵੀ ਰਚਨਾ ਕੀਤੀ। ਉਸ ਦੀਆਂ ਕੁਝ ਪ੍ਰਸਿੱਧ ਕਾਵਿ ਪੁਸਤਕਾਂ ਇਸ ਪ੍ਰਕਾਰ ਹਨ : 'ਨਲ ਦਮਯੰਤੀ', 'ਚੰਦਨਵਾੜੀ', 'ਕੇਸਰ ਕਿਆਰੀ', 'ਸੂਫ਼ੀਖ਼ਾਨਾ' ਆਦਿ।

# ਪ੍ਰੋ. ਪੂਰਨ ਸਿੰਘ

**(1881 – 1931)**

## 1. ਪੰਜਾਬ ਦੇ ਦਰਿਆ

ਰਾਵੀ ਸੁਹਣੀ ਪਈ ਵਗਦੀ।
ਮੈਨੂੰ ਸਤਲੁਜ ਪਿਆਰਾ ਹੈ,
ਮੈਨੂੰ ਬਿਆਸ ਪਈ ਖਿੱਚਦੀ,
ਮੈਨੂੰ ਝਨਾਂ 'ਵਾਜਾਂ ਮਾਰਦੀ,
ਮੈਨੂੰ ਜੇਹਲਮ ਪਿਆਰਦਾ,
ਅਟਕਾਂ ਦੀ ਲਹਿਰਾਂ ਦੀ ਠਾਠ ਮੇਰੇ ਬੂਹੇ 'ਤੇ ਵੱਜਦੀ।
ਖਾੜ ਖਾੜ ਚਲਣ ਵਿਚ ਮੇਰੇ ਸੁਫਨਿਆਂ,
ਪੰਜਾਬ ਦੇ ਦਰਿਆ,
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,
ਪਿਆਰਾ ਜਪੁ ਸਾਹਿਬ ਗਾਉਂਦੇ, ਠੰਢੇ 'ਤੇ ਠਾਰਦੇ, ਪਿਆਰਦੇ।

### ਟਿੱਪਣੀ

ਇਸ ਛੋਟੀ ਜਿਹੀ ਕਵਿਤਾ ਵਿਚ ਪੰਜਾਬ ਦੇ ਪ੍ਰਕਿਰਤਕ ਵੇਰਵੇ, ਦਰਿਆਵਾਂ ਬਾਰੇ ਵਰਨਣ ਪੇਸ਼ ਹੋਇਆ ਹੈ। ਪਰ, ਇਸ ਪੇਸ਼ਕਾਰੀ ਦੀ ਇਕ ਵਿਸ਼ੇਸ਼ ਦਿਸ਼ਾ ਹੈ। ਪੰਜਾਬ ਦੇ ਦਰਿਆ ਪਿਆਰ ਦੇ ਪ੍ਰਤੀਕ ਹਨ। ਕਵਿਤਾ ਵਿਚ ਇੰਜ ਪ੍ਰਤੀਤ ਹੁੰਦਾ ਹੈ ਜਿਵੇ ਕਵੀ ਕੋਈ ਜੀਵੰਤ ਹੋਂਦ ਹੋਣ, ਉਹ ਪਿਆਰਦੇ ਹਨ, ਖਿੱਚਦੇ ਹਨ, ਵਾਜਾਂ ਮਾਰਦੇ ਹਨ। ਪਰ, ਇਸ ਸਭ ਦੇ ਨਾਲ ਨਾਲ ਇਹ ਦਰਿਆ ਪੰਜਾਬ ਦੇ ਧਾਰਮਿਕ ਵਿਰਸੇ ਦੇ ਵੀ ਗਵਾਹ ਹਨ।

### ਔਖੇ ਸ਼ਬਦਾਂ ਦੇ ਅਰਥ

ਠਾਠ—ਸ਼ਾਨ, ਪਿਆਰ ਅੱਗ—ਬੇਇੰਤਹਾ ਪਿਆਰ। ਜਪੁ ਸਾਹਿਬ—ਜਪੁਜੀ ਸਾਹਿਬ (ਗੁਰੂ ਨਾਨਕ ਦੇਵ ਜੀ ਦੀ ਬਾਣੀ)। ਠਾਰਦੇ—ਤ੍ਰਿਪਤ ਕਰਦੇ।

### ਪ੍ਰਸ਼ਨ

1. ਕੀ ਕਵਿਤਾ ਵਿਚ ਦਰਿਆਵਾਂ ਦੀ ਪੇਸ਼ਕਾਰੀ ਨੂੰ ਪ੍ਰਕਿਰਤੀ ਦਾ ਮਾਨਵੀਕਰਨ ਕਿਹਾ ਜਾ ਸਕਦਾ ਹੈ ?
2. ਇਸ ਕਵਿਤਾ ਵਿਚ ਸੁਪਨੇ ਵਰਗਾ ਮਾਹੌਲ ਸਿਰਜਿਆ ਗਿਆ ਹੈ, ਕਿਵੇਂ ?
3. 'ਪਿਆਰਾ ਜਪੁ ਸਾਹਿਬ ਗਾਉਂਦੇ, ਠੰਢੇ ਤੇ ਠਾਰਦੇ, ਪਿਆਰਦੇ' ਇਸ ਦੀ ਵਿਆਖਿਆ ਕਰੋ।

## 2. ਗਰਾਂ ਦਾ ਨਿੱਕਾ ਚੂਚਾ

ਹਾਏ ਨਾ ਮਾਰੋ
ਨਾ ਮਾਰਨਾ,
ਇਹ ਗਰਾਂ ਦਾ ਅਯਾਣਾ ਚੂਚਾ,
ਉਹ ਦੇਖੋ ਉਹ ਡਰਿਆ ਨੱਸੇ,
ਉਹ ਚੀਖੇ, ਹਾਏ ਨਾ ਮਾਰੋ, ਨਾ ਮਾਰਨਾ !
ਬਿਪਤਾ ਇਸ ਉਪਰ ਹੈ ਪਈ,
ਚੂਚਾ ਤਾਂ ਨਹੀਂ
ਮੈਂ ਹਾਂ ਇਸ ਬਿਪਤਾ ਕਾਲ ਵਿਚ ਚੀਖਦਾ,
ਚੂਚਾ ਤਾਂ ਮੈਂ ਦੋਵੇਂ ਰਲ ਮਿਲ ਕੇ ਅਸੀਂ ਹਾਂ ਰਹਿੰਦੇ
ਜੀਵਨ ਮਾਰਗ ਵਿਚ ਇਕੋ ਜਿਹੇ,
ਅਕਲ ਦੇ ਸਾਥੀ ਇਕ ਦੂਜੇ ਨੂੰ ਮਾਰਦੇ
ਨੈਣ ਉਹਦੇ ਮੇਰੇ ਨੈਣ,
ਸਭ ਹੱਥ ਪੈਰ ਮੇਰੇ ਉਸ ਦੇ,
ਕਿਹੜੀ ਗੱਲੋਂ ਅਸੀਂ ਵਖਰੇ,
ਹਫ਼ੇ ਨੂੰ ਵੇਖੋ ਮੇਰੇ ਵਾਂਗ ਉਹਦਾ ਕੰਬੇ ਦਿਲ,
ਹਾਏ ਓ ਰੱਬਾ
ਫੜ ਲਿਆ ਚੂਚਾ ਡਾਢਿਆਂ,
ਤੇ ਫੜਿਆ ਛੁਰੀ ਹੇਠ ਉਡੀਕੇ ਨਿੱਕਾ ਚੂਚਾ ਰਾਮ ਨੂੰ
ਮਾਰਨ ਵਾਲੇ ਦੀ ਅੱਖ ਵਲ ਟੱਕ ਬੰਨ੍ਹ ਤੱਕਦਾ
ਮਤੇ ਅੱਖ ਨਾਲ ਅੱਖ ਮੇਲ ਉਹ ਹੁਣ ਵੀ ਪਛਾਣ ਲਵੇ,
ਆਪੇ ਉਪਰ ਛੁਰੀ ਚਲਦੀ !!

ਚੂਚਾ ਮੋਇਆ
ਨੱਸਦਾ ਜਿਹੜਾ ਸੀ ਨੱਸ ਨਾ ਸਕਿਆ
... ਜਿਹੜਾ ਸੀ,
... ਨਾ ਸਕਿਆ,
... ਮਾਰੋ,
... ਮਰਨਾ,
... ਗਰਾਂ ਦਾ ਅਯਾਣਾ ਚੂਚਾ !!

## ਟਿੱਪਣੀ

ਇਹ ਕਵਿਤਾ ਚੂਚੇ ਉਪਰ ਆਈ ਇਕ ਬਿਪਤਾ ਸਥਿਤੀ ਬਾਰੇ ਪ੍ਰਤੀਤ ਹੁੰਦੀ ਹੈ। ਕਵਿਤਾ ਦੇ ਆਰੰਭ ਵਿਚ ਚੂਚੇ ਨੂੰ ਮਾਰਨ ਲਈ ਉਸ ਦੇ ਪਿੱਛੇ ਕੁਝ ਲੋਕ ਪਏ ਹਨ ਅਤੇ ਚੂਚਾ ਦੌੜ ਰਿਹਾ ਹੈ। ਪਰ, ਜਦੋਂ ਕਵਿਤਾ ਦਾ ਅੰਤ ਹੁੰਦਾ ਹੈ ਤਾਂ ਚੂਚਾ ਮਰਨ ਸਮੇਂ ਆਪਣੇ ਮਾਰਨ ਵਾਲਿਆਂ ਨੂੰ ਇਕ ਟੱਕ ਬੰਨ੍ਹ ਕੇ ਇਉਂ ਵੇਖਦਾ ਹੈ ਕਿ ਉਹ ਇਹ ਪਛਾਣ ਲੈਣ ਕਿ ਛੁਰੀ ਉਸ ਉਪਰ ਨਹੀਂ ਚਲ ਰਹੀ, ਇਹ ਛੁਰੀ ਉਹ ਆਪਣੇ ਉਪਰ ਚਲਾ ਰਹੇ ਹਨ। ਕਿਉਂਕਿ ਇਕੋ ਪ੍ਰਮਾਤਮਾ ਸਭ ਵਿਚ ਹੈ, ਫਿਰ ਕੋਈ ਇਕ ਦੂਜੇ ਤੋਂ ਭਿੰਨ ਕਿਵੇਂ ਹੈ ? ਇੱਥੇ ਪਹੁੰਚ ਕੇ ਕਵਿਤਾ ਅਧਿਆਤਮਕ ਚਿੰਤਨ ਨਾਲ ਜੁੜੇ ਇਸ ਸੰਦੇਸ਼ ਨੂੰ ਦੇਂਦੀ ਪ੍ਰਤੀਤ ਹੁੰਦੀ ਹੈ।

## ਔਖੇ ਸ਼ਬਦਾਂ ਦੇ ਅਰਥ

ਅਯਾਣਾ—ਮਾਸੂਮ। ਬਿਪਤਾ—ਮੁਸੀਬਤ। ਕਾਲ—ਸਮਾਂ। ਡਾਢਿਆਂ—ਸਖ਼ਤੀ ਕਰਨ ਵਾਲੇ, ਸ਼ੋਸ਼ਣ ਕਰਨ ਵਾਲੇ, ਜ਼ੁਲਮ ਕਰਨ ਵਾਲੇ।

## ਪ੍ਰਸ਼ਨ

1. ਇਸ ਕਵਿਤਾ ਦਾ ਨਾਇਕ ਚੂਚਾ ਹੈ ਜਾਂ ਕੋਈ ਹੋਰ।
2. ਕੀ ਇਹ ਕਵਿਤਾ ਚੂਚੇ ਰਾਹੀਂ ਮਾਨਵੀ ਬਿਪਤਾ-ਸਥਿਤੀ ਦੀ ਗੱਲ ਨਹੀਂ ਕਰਦੀ ?
3. ਇਸ ਕਵਿਤਾ ਵਿਚ ਕਿਹੜਾ ਅਧਿਆਤਮਕ ਚਿੰਤਨ ਪੇਸ਼ ਹੋਇਆ ਹੈ ?

# 3. ਕ੍ਰਿਸ਼ਨ ਜੀ

ਉੱਛਲ, ਉੱਛਲ, ਚਾਅ ਭਰੇ ਭਰੇ ਵਿਚ,
ਨਾਚ ਜਿਹੀ ਕਰਦੀ ਨੀਲੀ ਜਮਨਾ ਵਗਦੀ,
ਸਜੀ, ਸ਼ਿੰਗਾਰੀ, ਫਬੀ ਵਾਂਗ ਇਕ ਅਪੱਛਰਾਂ ਦੇ।

ਕਦੰਬ ਦਾ ਬੂਟਾ ਨਾਲ ਕਿਨਾਰੇ ਦੇ ਝੂਮਦਾ,
ਪਾ ਉਸੇ ਜਮਨਾ ਦੇ ਰਾਗ ਦੇ ਨਾਚ-ਤਾਲ ਨੂੰ,

ਨਾਲ ਨਾਲ ਤਾਲ ਦੇ ਸੁਰ ਭਰਦਾ,
ਕਦੰਬ ਹੇਠਾਂ ਦੀ ਛਾਂ ਵੀ ਨੱਚਦੀ,
ਨਿੱਕੀ ਨਿੱਕੀ ਹਵਾ ਛੇੜਦੀ ਉਹਦੇ ਪੱਤਿਆਂ।

ਚਾਅ ਸੀ ਸਭ ਨੂੰ ਰਾਗ ਦੇ ਅਨੰਤ ਜਿਹੇ ਹੋਣ ਦਾ,
ਹਵਾ ਤੇ ਬੂਟੇ ਤੇ ਪਹਾੜ ਨਾਲ ਨੱਚ ਪਏ,
ਸਮਾਂ ਸੀ ਤਾਲ ਦੇ ਭਰਨ ਦਾ,
ਮੈਂ ਤੱਕਿਆ ਥੰਮ੍ਹ ਸਭ ਨੱਚ ਪਿਆ,
ਖਲੋਤਾ ਦਿੱਸਿਆ ਕ੍ਰਿਸ਼ਨ ਕਦੰਬ ਹੇਠ,
ਤੇ ਇਕ ਦਮ ਲਈ ਚੁੱਪ ਹੋਈ ਕ੍ਰਿਸ਼ਨ ਦੀ ਬਾਂਸਰੀ।
ਟੇਢੀ ਜਿਹੀ ਛਬਿ ਸੀ, ਸੱਜਾ ਪੈਰ ਖੱਬੇ ’ਤੇ ਰਖਿਆ ਤਾਲ ਤੇ ਸੁਰ ਵਿਚ
ਤੇ ਮੁਕਟ ਹੋਇਆ ਜ਼ਰਾ ਇਕ ਪਾਸੇ,
ਤੇ ਮੈਂ ਤੱਕੇ ਹਿਲੇ ਮੁਕਟ ਵਿਚ ਲਟਕਦੇ ਹੀਰੇ,
ਅਚੰਭਾ ਮੈਂ ਤੱਕਿਆ, ਨਾਲ ਹਿੱਲੇ ਤਾਰੇ ਅਕਾਸ਼ ਦੇ।
ਹੀਰੇ ਤਲੇ ਹਿੱਲੇ,
ਹੀਰੇ ਉੱਪਰ ਹਿੱਲ ਗਏ,
ਇਹ ਕਿਹਾ ਮਨੁੱਖ ਹੈ ?
ਨਿੱਕਾ ਜਿਹਾ, ਕਾਲਾ ਜਿਹਾ,
ਵਿੰਦਰਾਵਨ ਵਿਚ ਗਊਆਂ ਚਰਾਨ ਵਾਲਾ।
ਜਮਨਾ ਨੂੰ ਛੇੜਦਾ,
ਰੱਖ ਮੂੰਹ ਆਪਣੇ ’ਤੇ ਬਾਂਸਰੀ ;
ਆਵਾਜ਼ ’ਤੇ ਨੱਚਦੀ ਲਹਿਰ ਲਹਿਰ ਜਮਨਾ,
ਕਦੰਬ ਦਾ ਬੂਟਾ ਤੇ ਨਾਲੇ ਛਾਇਆ ਨੱਚਦੀ,
ਝਾੜੀ ਝਾੜੀ, ਕਿਣਕਾ ਹਿਲਦਾ।
ਮੁਕਟ ਜਦ ਹਿੱਲਿਆ,
ਤਾਰੇ ਸਾਰੇ ਆਕਾਸ਼ ਦੇ ਹਿੱਲ ਗਏ,
ਸੁਹਣਾ ਕੋਈ ਭੇਤ ਹੈ ਰੱਬ ਦਾ।

## ਟਿੱਪਣੀ

ਇਸ ਕਵਿਤਾ ਦਾ ਸਿਰਲੇਖ ‘ਕ੍ਰਿਸ਼ਨ ਜੀ’ ਹੈ, ਪਰ ਇਹ ਕ੍ਰਿਸ਼ਨ ਜੀ ਨਹੀਂ, ਉਨ੍ਹਾਂ ਦੀ ਬੰਸਰੀ ਅਤੇ ਉਸਦੇ ਪ੍ਰਭਾਵ ਬਾਰੇ ਵਧੇਰੀ ਹੈ। ਇੱਥੇ ਬੰਸਰੀ ਦੇ ਸੰਗੀਤਕ-ਪ੍ਰਭਾਵ ਦਾ ਵਰਨਣ ਪ੍ਰਕਿਰਤੀ ਦੇ ਸੰਦਰਭ ਵਿਚ ਹੋਇਆ ਹੈ। ਸਾਰੀ ਪ੍ਰਕਿਰਤੀ ਸਦੀਵ ਹੋਂਦ ਵਾਂਗ ਪੇਸ਼ ਹੋਈ ਹੈ। ਇੱਥੇ ਬੰਸਰੀ ਦੇ ਸੰਗੀਤਕ-ਪ੍ਰਭਾਵ ਕਾਰਨ ਬੂਟਿਆਂ ਦੀ ਛਾਂ ਨੱਚਦੀ ਹੈ, ਪਹਾੜ ਨੱਚਦੇ ਹਨ, ਜਮਨਾ ਨੱਚਦੀ ਹੈ। ਇਸ ਪ੍ਰਕਾਰ ਕਵੀ ਨੇ ਸੰਗੀਤ ਦੇ ਪ੍ਰਕਿਰਤੀ ਉਪਰ ਪੈਣ ਵਾਲੇ ਪ੍ਰਭਾਵ ਦਾ ਬਹੁਤ ਸੁੰਦਰ ਚਿੱਤਰ ਪੇਸ਼ ਕੀਤਾ ਹੈ।

## ਔਖੇ ਸ਼ਬਦਾਂ ਦੇ ਅਰਥ

ਫਬੀ—ਖ਼ੂਬਸੂਰਤ ਲੱਗਣਾ। ਅਪੱਛਰਾ—ਦੇਵ ਲੋਕ ਦੀ ਸੁੰਦਰੀ (ਮਿਥਿਹਾਸਕ ਹੋਂਦ)। ਕਦੰਬ—ਇਕ ਪ੍ਰਕਾਰ ਦਾ ਬਿਰਖ। ਥੰਮ੍ਹ—ਮੰਦਰ ਦਾ ਮੁੱਖ ਦੁਆਰ, ਖੰਭਾ। ਛਬਿ—ਚਿਹਰਾ-ਮੁਹਰਾ, ਅਦਾ। ਮੁਕਟ—ਤਾਜ। ਅਚੰਭਾ—ਅਚਰਜ।

## ਪ੍ਰਸ਼ਨ

1. ਕਵਿਤਾ ਬੰਸਰੀ ਦੇ ਸੰਗੀਤਕ-ਪ੍ਰਭਾਵ ਨੂੰ ਕਿਵੇਂ ਪੇਸ਼ ਕਰਦੀ ਹੈ ?
2. ਇੱਥੇ 'ਕ੍ਰਿਸ਼ਨ ਜੀ' ਦਾ ਕਿਸ ਪ੍ਰਕਾਰ ਦਾ ਚਿਤਰ ਪੇਸ਼ ਹੋਇਆ ਹੈ ?
3. ਕੀ ਸੰਗੀਤਕ-ਪ੍ਰਭਾਵ ਨੂੰ ਪੇਸ਼ ਕਰਨ ਸਮੇਂ ਕਵੀ ਮਾਨਵੀਕਰਨ ਦੀ ਜੁਗਤ ਵਰਤਦਾ ਹੈ, ਕਿਵੇਂ ?

## ਕਵੀ ਬਾਰੇ ਜਾਣਕਾਰੀ

ਜਨਮ ਸਥਾਨ : ਸਲੱਹਡ (ਐਬਟਾਬਾਦ), ਵਸਨੀਕ-ਦੇਹਰਾਦੂਨ।

ਵਿਦਿਆ : ਫਾਰਮਾਸਿਊਟੀਕਲ ਕੈਮਿਸਟਰੀ ਦੀ ਟੋਕੀਓ ਯੂਨੀਵਰਸਿਟੀ ਤੋਂ ਉਚੇਰੀ ਵਿਦਿਆ।

ਭਾਈ ਵੀਰ ਸਿੰਘ ਤੋਂ ਬਾਅਦ ਆਧੁਨਿਕ ਕਵਿਤਾ ਦੇ ਖੇਤਰ ਵਿਚ ਪੂਰਨ ਸਿੰਘ ਦਾ ਨਾਂ ਵਿਸ਼ੇਸ਼ ਕਵੀ ਦੇ ਤੌਰ ਤੇ ਲਿਆ ਜਾਂਦਾ ਹੈ। ਕਵਿਤਾ ਦੇ ਪੱਖ ਤੋਂ ਉਸਦਾ ਨਿਵੇਕਲਾ ਸਥਾਨ ਹੈ। ਉਸਨੇ ਰਵਾਇਤੀ ਛੰਦ ਮੁਕਤ ਕਵਿਤਾ ਦੀ ਰਚਨਾ ਕੀਤੀ ਅਤੇ ਇਸ ਨਵੇਂ ਕਾਵਿ-ਰੂਪ ਨੂੰ ਪੂਰਨ ਸਿੰਘ ਨੇ ਸੈਲਾਨੀ ਛੰਦ ਦਾ ਨਾਮ ਦਿੱਤਾ। ਉਸਦੀ ਖੁੱਲੀ ਕਵਿਤਾ ਨੇ ਆਉਣ ਵਾਲੇ ਕਵੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ। ਕਵਿਤਾ ਦੇ ਇਲਾਵਾ ਉਸਨੇ ਸਾਹਿਤ ਦੇ ਹੋਰ ਰੂਪਾਂ ਵਾਰਤਕ, ਨਾਵਲ, ਸਵੈ-ਜੀਵਨੀ ਅਤੇ ਅੰਗ੍ਰੇਜ਼ੀ ਸਾਹਿਤ ਵਿਚ ਵੀ ਰਚਨਾ ਕੀਤੀ। ਉਸਦੇ ਪੰਜਾਬੀ ਕਾਵਿ-ਸੰਗ੍ਰਹਿ ਹਨ—'ਮੇਰੇ ਸਾਂਈ', 'ਖੁੱਲ੍ਹੇ ਮੈਦਾਨ', 'ਖੁੱਲ੍ਹੇ ਘੁੰਡ', 'ਖੁੱਲ੍ਹੇ ਅਸਮਾਨੀ ਰੰਗ'।

# ਪ੍ਰੋ. ਮੋਹਨ ਸਿੰਘ

## (1905 – 1978)

## 1. ਤਾਜ ਮਹਲ

ਦੁੱਧ-ਚਿੱਟੀਆਂ ਰੰਗਦਾਰ ਮਰਮਰਾ,
ਦੇ ਗਲ ਘੱਤ ਕੇ ਬਾਹੀਂ,
ਸੁਹਲ ਪਤਲੀਆਂ ਚੰਨ ਦੀਆਂ ਰਿਸ਼ਮਾਂ,
ਸੁੱਤੀਆਂ ਬੇਪਰਵਾਹੀਂ।
ਬਿਰਛਾਂ ਬੂਟਿਆਂ ਦੇ ਪਰਛਾਵੇਂ
ਨਸ਼ਿਆਂ ਨਾਲ ਗੜੂੰਦੇ,
ਘਾਹ ਦੇ ਸੁਹਲ ਸੀਨਿਆਂ ਉਤੇ,
ਸਵਾਦ ਸਵਾਦ ਹੋ ਊਂਘੇ।

ਲਗ ਟਾਹਣਾਂ ਗਲ ਵੇਲਾਂ ਸੁੱਤੀਆਂ,
ਲਗ ਵੇਲਾ ਗਲ ਕਲੀਆਂ,
ਲਗ ਕਲੀਆਂ ਗਲ ਗੰਧਾਂ ਸੁੱਤੀਆਂ,
ਨੀਂਦ ਵਲੇਵੇਂ ਵਲੀਆਂ।
ਸ਼ਾਂਤ ਸੁੱਤੇ ਜਮਨਾ ਦੇ ਕੰਢੇ,
ਹਰੇ ਭਰੇ ਅਤ ਸਾਵੇ,
ਨੀਂਦ ਵਿਗੁੱਤੀ ਜਲ ਧਾਰਾ ਨੂੰ
ਬੰਨ੍ਹੀ ਵਿਚ ਕਲਾਵੇ।

ਸੁੱਤੇ ਪਾਣੀਆਂ ਦੇ ਵਿਚ ਸੁੱਤਾ,
ਤਾਜ ਮਹਲ ਦਾ ਸਾਇਆ,
ਜਾਣੋ ਜਮਨਾ ਹਰਨ ਵਾਸਤੇ
ਬੁੱਕਲ ਵਿਚ ਲੁਕਾਇਆ।

ਐਪਰ ਦੂਰ ਸਾਗਰਾਂ ਵੰਨੀ,
ਨਸਣ ਜਦੋਂ ਉਹ ਲੱਗੀ,
ਨੀਂਦ-ਟੂਣਿਆਂ ਦੇ ਜੰਤਰ ਵਿਚ
ਟੋਰ ਓਸ ਦੀ ਬੱਝੀ।

ਸੁੱਤੇ ਏਸ ਚੁਗਿਰਦੇ ਅੰਦਰ
ਮੈਂ ਕੱਲਾ ਇਕ ਜਾਗਾਂ,
ਜਗ ਰਹੀਆਂ ਦੋ ਅੱਖਾਂ ਮੇਰੀਆਂ
ਚੁੱਪ ਚੁੱਪ ਵਾਂਗ ਚਰਾਗਾਂ।

ਗੁੰਬਦ ਦਿਆਂ ਉਭਾਰਾਂ ਉੱਤੇ,
ਮਸਤਾਈਆਂ ਅਲਸਾਈਆਂ,
ਫਿਰ ਰਹੀਆਂ ਸਨ ਨਜ਼ਰਾਂ ਮੇਰੀਆਂ,
ਸੁਹਜ-ਸਵਾਦ ਤਰਿਹਾਈਆਂ।

ਤੱਕ ਤੱਕ ਕਸਬ ਹੁਨਰ ਮੁਗਲਾਂ ਦਾ
ਹੈਰਤ ਵਧਦੀ ਜਾਵੇ,
ਸ਼ਾਹ ਜਹਾਨ ਦੇ ਸੁਹਜ-ਸਵਾਦ ਨੂੰ
ਲੂੰ ਲੂੰ ਪਿਆਰ ਸਲਾਹਵੇ।

ਏਨੇ ਨੂੰ ਗੁੰਬਦ ਦਾ ਆਂਡਾ,
ਟੋਟੇ ਟੋਟੇ ਹੋਇਆ,
ਚੀਕਾਂ ਕੂਕਾਂ ਤੇ ਫ਼ਰਿਆਦਾਂ,
ਜਾ ਅੰਬਰ ਨੂੰ ਛੋਹਿਆ।

ਹੜ੍ਹ ਮਜ਼ਦੂਰਨੀਆਂ ਦਾ ਵਗਿਆ,
ਨਾਲ ਮਜੂਰ ਹਜ਼ਾਰਾਂ,
ਚੱਕੀ ਕਹੀਆਂ, ਦੁਰਮਟ, ਤੇਸੇ,
ਬੱਝੇ ਵਿਚ ਵਗਾਰਾਂ।

ਦੁੱਧੀਆਂ ਨਾਲ ਪਲਮਦੇ ਬੱਚੇ,
ਕੰਮੀਂ ਰੁਝੀਆਂ ਮਾਵਾਂ,
ਅੱਖਾਂ ਦੇ ਵਿਚ ਛਲਕਣ ਅੱਥਰੂ,
ਹਿੱਕਾਂ ਦੇ ਵਿਚ ਆਹਾਂ।

ਬੋਕਿਆਂ ਵਰਗੇ ਪੇਟ ਉਹਨਾਂ ਦੇ,
ਤੁੱਕਿਆਂ ਵਰਗੇ ਗਾਟੇ,
ਛਾਲੇ ਛਾਲੇ ਹੱਥ ਉਹਨਾਂ ਦੇ,
ਪੈਰ ਬਿਆਈਆਂ-ਪਾਟੇ।

ਫਿਰ ਵੀ ਕੰਮ ਕਰਾਵਣ ਵਾਲੇ,
ਮਾਰ ਮਾਰ ਕੇ ਛਾਂਟਾਂ,
ਮਾਸੂਮਾਂ ਦੇ ਪਿੰਡਿਆਂ ਉਤੇ,
ਚਾੜ੍ਹੀ ਜਾਣ ਸਲਾਟਾਂ।

ਏਦਾਂ ਮਜ਼ਦੂਰਾਂ ਦੀ ਝਾਕੀ,
ਜਦ ਮੈਨੂੰ ਦਿਸ ਆਈ,
ਨਾਲ ਪੀੜ ਦੇ ਕਲਵਲ ਹੋ ਕੇ,
ਰੂਹ ਮੇਰੀ ਕੁਰਲਾਈ।

ਕੀ ਉਹ ਹੁਸਨ ਹੁਸਨ ਹੈ ਸਚ ਮੁਚ,
ਯਾ ਉਂਜੇ ਹੀ ਛਲਦਾ
ਲੱਖ ਗਰੀਬਾਂ ਮਜ਼ਦੂਰਾਂ ਦੇ
ਹੰਝੂਆਂ 'ਤੇ ਜੋ ਪਲਦਾ ?

## ਟਿੱਪਣੀ

ਇਸ ਕਵਿਤਾ ਦਾ ਸੰਬੰਧ ਤਾਜਮਹਲ ਨਾਲ ਹੈ, ਤਾਜਮਹਲ ਦੀ ਖ਼ੂਬਸੂਰਤੀ ਦਾ ਬਿਆਨ ਆਮ ਹੋਇਆ ਹੈ ਪਰ ਕਵੀ ਤਾਜਮਹਲ ਦੀ ਇਸ ਖ਼ੂਬਸੂਰਤੀ ਪਿੱਛੇ ਤਾਜਮਹਲ ਬਨਾਉਣ ਵਾਲਿਆਂ ਮਜ਼ਦੂਰਾਂ ਜਾਂ ਕਾਮਿਆਂ ਦੇ ਸ਼ੋਸ਼ਣ ਦੀ ਭੂਮਿਕਾ ਦਾ ਵਿਸ਼ਲੇਸ਼ਣ ਕਰਦਾ ਹੈ। ਕਾਮਿਆਂ, ਮਜ਼ਦੂਰਾਂ ਦੇ ਸ਼ੋਸ਼ਣ ਤੋਂ ਬਣੇ ਹੋਏ ਤਾਜਮਹਲ ਦੀ ਖ਼ੂਬਸੂਰਤੀ ਦੇ ਉੱਤੇ ਉਹ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ।

## ਔਖੇ ਸ਼ਬਦਾਂ ਦੇ ਅਰਥ

ਰਗਦਾਰ—ਰਗਵਾਲੀ (ਕਿਸੇ ਲਕੜੀ ਜਾਂ ਮਰਮਰ ਪੱਥਰ ਨੂੰ ਵੇਖੋ ਅਤੇ ਉਸਦੀ ਰਗ ਨੂੰ ਪਛਾਣੋ)। ਗੜੂੰਦ—ਅਹਿਲ ਸੁੱਤੀ ਅਵਸਥਾ ਵਿੱਚ। ਸੁਹਲ—ਕੋਮਲ। ਗੰਧਾਂ—ਖੁਸ਼ਬੂਆਂ। ਨੀਂਦ-ਵਿਗੁਤੀ—ਨੀਂਦ ਵਿਚ ਡੁੱਬੀ। ਹਰਨ—ਚੁਰਾਉਣਾ। ਵੰਨੀ—ਤਰਫ਼, ਵੱਲ। ਕਸਬ—ਸ਼ਿਲਪ। ਹੁਨਰ—ਕਲਾ। ਹੈਰਤ—ਹੈਰਾਨੀ। ਸਲਾਹਵੇ—ਪ੍ਰਸੰਸਾ ਕਰੇ। ਦੁਰਮਟ—ਪੱਥਰ ਜਾਂ

ਮਿੱਟੀ ਦੀ ਤਹਿ ਬਿਠਾਉਣ ਲਈ ਵਰਤਿਆ ਜਾਣ ਵਾਲਾ ਔਜ਼ਾਰ। ਬੋਕਿਆਂ—ਗਰੀਬ ਮਜ਼ਦੂਰਾਂ ਦੇ ਖਾਲੀ ਪੇਟ, ਪਾਣੀ ਭਰਨ ਦੇ ਕੰਮ ਆਉਣ ਵਾਲੇ ਚਮੜੇ ਦੇ ਖਾਲੀ ਡੋਲਾਂ ਵਰਗੇ ਲੱਗ ਰਹੇ ਹਨ। ਸਲਾਟਾਂ—ਲਾਸਾਂ। ਝਾਕੀ—ਦ੍ਰਿਸ਼। ਕਲਵਲ ਹੋ ਕੇ—ਵਿਆਕੁਲ ਹੋ ਕੇ। ਕੁਰਲਾਈ—ਰੋਈ। ਛਲਦਾ—ਧੋਖਾ ਦਿੰਦਾ।

**ਪ੍ਰਸ਼ਨ**

1. ਕਵੀ ਤਾਜਮਹਲ ਦੀ ਖ਼ੂਬਸੂਰਤੀ ਨੂੰ ਕਿਸ ਦ੍ਰਿਸ਼ਟੀ ਨਾਲ ਦੇਖਦਾ ਹੈ ?
2. ਖ਼ੂਬਸੂਰਤੀ ਦੇ ਸਿਰਜਣ ਨਾਲ 'ਸ਼ੋਸ਼ਣ' ਖ਼ੂਬਸੂਰਤੀ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ?
3. ਕਵਿਤਾ ਦੇ ਆਧਾਰ ਤੇ ਨਿਮਨ ਵਰਗ ਦੇ ਸ਼ੋਸ਼ਣ ਬਾਰੇ ਆਪਣੇ ਵਿਚਾਰ ਪੇਸ਼ ਕਰੋ।

# 2. ਨਿੱਕਾ ਰੱਬ

ਵੱਡੇ ਰੱਬ ਦੀਆਂ ਵੱਡੀਆਂ ਗੱਲਾਂ
ਅਗਮ ਅਗੋਚਰ ਅਲਖ ਅਪਾਰ।
ਚਕ੍ਰ ਚਿਹਨ ਅਰ ਬਰਨ ਜਾਤ ਨਾ,
ਰੂਪ ਰੰਗ ਅਰ ਰੇਖ ਨੁਹਾਰ।
ਲੱਖ ਉਗਮਣ ਯਾ ਗਰਕਣ ਟਾਪੂ,
ਲੱਖ ਜੰਮਣ ਯਾ ਟੁੱਟਣ ਤਾਰੇ।
ਨੇਕੀ ਬਦੀ ਸ਼ੈਤਾਨ ਫਰਿਸ਼ਤੇ,
ਕੋਈ ਜਿੱਤੇ ਕੋਈ ਹਾਰੇ।
ਵਗਣ ਹੜ੍ਹ ਹੰਝੂਆਂ ਦੇ ਭਾਰੇ,
ਹੋਵਣ ਹੰਝੂਆਂ ਦੇ ਘਲੂਘਾਰੇ।
ਵੱਡਾ ਰੱਬ ਕੋਈ ਦਖਲ ਨਾ ਦੇਵੇ,
ਬੈਠਾ ਰਹੇ ਕਿਨਾਰੇ।
ਬਾਬੇ ਨਾਨਕ ਸਚ ਫਰਮਾਇਆ :
"ਏਤੀ ਮਾਰ ਪਈ ਕੁਰਲਾਣੇ
ਤੈਂ ਕੀ ਦਰਦ ਨਾ ਆਇਆ ?"

ਨਿੱਕੀ ਜਿਹੀ ਜਿੰਦ ਮੇਰੀ ਤਾਹੀਓਂ,
ਨਿੱਕੇ ਰੱਬ ਨਾਲ ਪਾਇਆ ਪਿਆਰ।
ਨਿੱਕੇ ਰੱਬ ਦੀਆਂ ਨਿੱਕੀਆਂ ਗੱਲਾਂ,
ਨਿੱਕੇ ਰੋਸੇ, ਨਿੱਕੇ ਹਾਸੇ।
ਨਿੱਕੇ ਉਹਲੇ, ਨਿੱਕੇ ਦਿਲਾਸੇ,
ਬਣਦੇ ਜੀਵਨ ਦਾ ਆਧਾਰ।

ਲਗੇਗਾ ਇਹ ਕੁਫ਼ਰ ਜ਼ਰੂਰ,
ਐਪਰ ਕੁਫ਼ਰ ਮੇਰਾ ਮਜਬੂਰ
ਕਦਮ ਕਦਮ ਦੀਆਂ ਬੇ-ਇਨਸਾਫੀਆਂ।
ਨਿੱਕੇ ਵਡੇ ਵਿਰੋਧ ਹਜ਼ਾਰਾਂ,
ਜਿੰਦ ਕਰਨ ਜਦ ਤਾਰਾਂ ਤਾਰਾਂ,
ਹੇ ਵੱਡਾ ਰੱਬ ਲਏ ਨਾ ਸਾਰਾ,
ਨਿੱਕਾ ਰੱਬ ਕੋਈ ਚੁਣਨਾ ਪੈਂਦਾ,
ਨਿੱਕਾ ਦੇਵ ਕੋਈ ਘੜਣਾ ਪੈਂਦਾ।

## ਟਿੱਪਣੀ

ਇਹ ਕਵਿਤਾ 'ਨਿੱਕਾ ਰੱਬ' ਅਤੇ 'ਵੱਡਾ ਰੱਬ' ਦੇ ਵਿਰੋਧ ਤੇ ਆਧਾਰਿਤ ਹੈ। ਇਸਦਾ ਸੰਬੰਧ ਦੂਜੇ ਸੰਸਾਰ ਯੁੱਧ ਦੇ ਸਮੇਂ ਨਾਲ ਹੈ, ਮਨੁੱਖ ਸੰਕਟ ਵਿਚ ਹੈ ਅਤੇ ਵੱਡਾ ਰੱਬ ਪਹੁੰਚ ਤੋਂ ਬਾਹਰ, ਸੋ ਕਵੀ ਨਿੱਕਾ ਰੱਬ ਤਲਾਸ਼ ਲੈਂਦਾ ਹੈ ਜੋ ਉਸਦੀ ਪਹੁੰਚ ਵਿਚ ਹੈ, ਇਹ ਉਸਦੀ ਪ੍ਰੇਮਿਕਾ ਹੈ। ਕਦਮ-ਕਦਮ ਦੀਆਂ ਬੇ-ਇਨਸਾਫ਼ੀਆਂ ਕਾਰਨ ਉਸਨੂੰ ਇਹ ਕੁਫ਼ਰ ਤੋਲਣਾ ਹੀ ਪਿਆ, ਭਾਵੇਂ ਇਹ ਉਸਦੀ ਨਾਸਤਿਕਤਾ ਹੀ ਲੱਗੇ। ਕਵੀ ਰੱਬ ਦੇ ਉਸ ਨਿਰਗੁਣ ਸਰੂਪ ਦੀ ਥਾਂ ਸਰਗੁਣ ਸਰੂਪ ਦੀ ਚੋਣ ਕਰਦਾ ਹੈ। ਮੋਹਨ ਸਿੰਘ ਕਿਉਂਕਿ ਰੁਮਾਂਟਿਕ ਕਵੀ ਹੈ ਇਸ ਲਈ ਉਹ ਇਸ਼ਕ ਦਾ ਰਾਹ ਚੁਣਦਾ ਹੈ।

## ਔਖੇ ਸ਼ਬਦਾਂ ਦੇ ਅਰਥ

ਅਗਮ, ਅਗੋਚਰ, ਅਲਖ, ਅਪਾਰ—ਜੋ ਪਹੁੰਚ ਤੋਂ ਬਾਹਰ, ਜਾਣੇ ਜਾਣ ਤੋਂ ਬਾਹਰ ਹੈ, ਜਿਸ ਨੂੰ ਸੰਜੀਵ ਰੂਪ ਵਿਚ ਪ੍ਰਾਪਤ ਨਹੀਂ ਕੀਤਾ ਜਾ ਸਕਦਾ, ਜਿਸਦਾ ਕੋਈ ਪਾਰਾਵਾਰ ਨਹੀਂ, ਸੀਮਾਂ ਨਹੀਂ। ਚਕ੍ਰ ਚਿਹਨ ਅਰ ਬਰਨ ਜਾਤ ਨਾ—ਜਿਸਦੀ ਕੋਈ ਸ਼ਕਲ ਸੂਰਤ, ਸ਼੍ਰੇਣੀ ਜਾਂ ਜਾਤ ਨਹੀਂ। ਉਗਮਣ—ਜਨਮ ਲੈਣ, ਪੈਦਾ ਹੋਣ, ਉਗਣ। ਗਰਕਣ—ਖ਼ਤਮ ਹੋ ਜਾਣ। ਘੱਲੂਘਾਰੇ—ਯੁੱਧ। ਉਹਲੇ—ਛੁੱਪ ਜਾਣਾ। ਦਿਲਾਸੇ—ਹੌਂਸਲਾ ਦੇਣਾ। ਕੁਫ਼ਰ—ਕੂੜ, ਝੂਠ। ਘੜਣਾ—ਬਣਾਉਣਾ।

## ਪ੍ਰਸ਼ਨ

1. ਇਸ ਕਵਿਤਾ ਵਿਚ 'ਵੱਡੇ ਰੱਬ' ਦਾ ਕੀ ਅਰਥ ਹੈ ?
2. 'ਵੱਡੇ ਰੱਬ' ਅਤੇ 'ਨਿੱਕੇ ਰੱਬ' ਵਿਚ ਕੀ ਅੰਤਰ ਹੈ ?
3. ਇਹ ਕਵਿਤਾ ਰੁਮਾਂਟਿਕ ਹੈ ਜਾਂ ਅਧਿਆਤਮਕ ?

# 3. ਹਵਾ ਦਾ ਜੀਵਨ

ਦੇਹ ਹਵਾ ਦਾ ਜੀਵਨ ਸਾਨੂੰ,
ਸਦਾ ਖੋਜ ਵਿਚ ਰਹੀਏ।
ਹਰ ਦਮ ਤਲਬ ਸੱਜਨ ਦੀ ਕਰੀਏ,

ਠੰਡੇ ਕਦੇ ਨ ਪਈਏ।
ਜੰਗਲ ਗਾਹੀਏ, ਰੇਤੜ ਵਾਹੀਏ,
ਨਾਲ ਪਹਾੜਾਂ ਖਹੀਏ।
ਇਕੋ ਸਾਹੇ ਭਜਦੇ ਜਾਈਏ,
ਕਿਸੇ ਪੜਾਅ ਨਾ ਲਹੀਏ।
ਦੇਖ ਮੁਲਾਇਮ ਸੇਜ ਫੁੱਲਾਂ ਦੀ,
ਧਰਨਾ ਮਾਰ ਨਾ ਬਹੀਏ।
ਸੌ ਰੰਗਾਂ ਦੇ ਵਿਚੋਂ ਲੰਘ ਕੇ,
ਫਿਰ ਵੀ ਬੇਰੰਗ ਰਹੀਏ।
ਜੇ ਕੋਈ ਬੁਲਬੁਲ ਹਾਕਾਂ ਮਾਰੇ,
ਕੰਨ ਵਿਚ ਉਂਗਲਾਂ ਦਈਏ।
ਜੇ ਕੋਈ ਕੰਡਾ ਪੱਲਾ ਪਕੜੇ,
ਛੰਡੀਏ ਤੇ ਨੱਸ ਪਈਏ।
ਦੇਹ ਹਵਾ ਦਾ ਜੀਵਨ ਸਾਨੂੰ,
ਸਦਾ ਖੋਜ ਵਿਚ ਰਹੀਏ।

## ਟਿੱਪਣੀ

'ਹਵਾ ਦਾ ਜੀਵਨ' ਮੋਹਨ ਸਿੰਘ ਦੀ ਪ੍ਰਗੀਤਾਤਮਕ ਰਚਨਾ ਹੈ। ਕਵੀ ਇਸ ਵਿਚ ਹਵਾ ਦੇ ਜੀਵਨ ਦੀ ਮੰਗ ਕਰਦਾ ਹੈ, ਅਜ਼ਾਦ ਰਹਿ ਕੇ ਆਪਣੇ ਮੁਕਾਮ ਨੂੰ ਹਾਸਲ ਕਰਨਾ ਚਾਹੁੰਦਾ ਹੈ। ਸੰਸਾਰਕ ਸੁੰਦਰਤਾ ਨੂੰ ਮਾਣਦਿਆਂ ਹੋਇਆਂ ਉਸਤੋਂ ਨਿਰਲਿਪਤ ਹੋ ਕੇ ਰਹਿਣਾ ਚਾਹੁੰਦਾ ਹੈ। ਮੋਹਨ ਸਿੰਘ ਦਾ ਇਹ ਗੀਤ ਵੱਖਰੀ ਤਰ੍ਹਾਂ ਦੀ ਕਾਵਿ ਰਚਨਾ ਹੈ।

## ਔਖੇ ਸ਼ਬਦਾਂ ਦੇ ਅਰਥ

ਸਦਾ—ਹਮੇਸ਼ਾ। ਤਲਬ—ਇੱਛਾ, ਲੋਚਾ। ਰੇਤੜ—ਰੇਗਿਸਤਾਨ। ਪੜਾਅ—ਰਾਹ ਵਿਚ ਰੁਕਣ ਲਈ ਜਗ੍ਹਾ। ਬੇਰੰਗ—ਅਸਰ ਨਾ ਹੋਣਾ। ਹਾਕਾਂ—ਅਵਾਜ਼ਾਂ। ਛੰਡੀਏ—ਛੁਡਾ ਕੇ। ਖੋਜ—ਤਲਾਸ਼।

## ਪ੍ਰਸ਼ਨ

1. ਪ੍ਰਗੀਤਾਤਮਕਤਾ ਤੋਂ ਕੀ ਭਾਵ ਹੈ ?
2. 'ਹਵਾ ਦੇ ਜੀਵਨ' ਤੋਂ ਤੁਸੀਂ ਕੀ ਸਮਝਦੇ ਹੋ ?
3. ਕਵੀ ਸੁੰਦਰਤਾ ਤੋਂ ਨਿਰਲਿਪਤ ਕਿਉਂ ਰਹਿਣਾ ਚਾਹੁੰਦਾ ਹੈ ?

## ਕਵੀ ਬਾਰੇ ਜਾਣਕਾਰੀ

ਜਨਮ ਸਥਾਨ : ਹੋਤੀ ਮਰਦਾਨ (ਹੁਣ ਪਾਕਿਸਤਾਨ), ਜੱਦੀ ਪਿੰਡ ਧਮਿਆਲ, ਨੇੜੇ ਰਾਵਲਪਿੰਡੀ, ਵਸਨੀਕ-ਲੁਧਿਆਣਾ।
ਵਿਦਿਆ : ਐਮ. ਏ. ਫਾਰਸੀ, ਐਮ. ਓ. ਐਲ.

ਪ੍ਰੋ. ਮੋਹਨ ਸਿੰਘ ਆਧੁਨਿਕ ਪੰਜਾਬੀ ਕਵਿਤਾ ਦਾ ਰੁਮਾਂਟਿਕ ਪ੍ਰਗਤੀਵਾਦੀ ਕਵੀ ਹੈ। ਉਸਨੇ ਕਵਿਤਾਵਾਂ ਦੇ ਨਾਲ-ਨਾਲ ਅਨੁਵਾਦ ਵੀ ਕੀਤੇ। ਪ੍ਰੋ. ਮੋਹਨ ਸਿੰਘ ਨੇ ਮਹਾਂਕਾਵਿ 'ਨਨਕਾਇਣ' ਦੀ

ਰਚਨਾ ਕੀਤੀ, ਜਿਸ ਲਈ ਉਸਨੂੰ ਪੰਜਾਬੀ ਯੂਨੀਵਰਸਿਟੀ ਵਲੋਂ (1972) ਵਿਚ ਸਨਮਾਨਿਤ ਕੀਤਾ ਗਿਆ। ਉਸਨੇ ਕਵਿਤਾ ਤੋਂ ਇਲਾਵਾ ਹੋਰ ਸਾਹਿਤ ਰੂਪਾਂ ਵਿਚ ਵੀ ਸਾਹਿਤ ਰਚਨਾ ਕੀਤੀ। ਉਸਨੇ ਕਈ ਕਾਵਿ-ਸੰਗ੍ਰਹਿ ਲਿਖੇ ਜਿਨ੍ਹਾਂ ਵਿਚੋਂ ਕੁਝ ਪ੍ਰਸਿੱਧ ਕਾਵਿ-ਸੰਗ੍ਰਹਿ ਹਨ—'ਸਾਵੇ ਪੱਤਰ', 'ਕਸੁੰਭੜਾ', 'ਅਧਵਾਟੇ', 'ਵੱਡਾ ਵੇਲਾ', 'ਜਿੰਦਰੇ' ਆਦਿ।

ਪ੍ਰੋ. ਮੋਹਨ ਸਿੰਘ ਨੂੰ ਸਾਹਿਤ ਅਕਾਦਮੀ ਪੁਰਸਕਾਰ (1959) ਅਤੇ ਸੋਵੀਅਤ ਲੈਂਡ ਨਹਿਰੂ ਪੁਰਸਕਾਰ (1968) ਨਾਲ ਵੀ ਸਨਮਾਨਿਤ ਕੀਤਾ ਗਿਆ। ਉਸਨੇ ਸਾਹਿਤਕ ਪੱਤਰ 'ਪੰਜ ਦਰਿਆ' ਦਾ ਸੰਪਾਦਨ ਕੀਤਾ, ਜਿਸ ਰਾਹੀਂ ਕਈ ਨਵੇਂ ਲੇਖਕਾਂ ਨੂੰ ਅੱਗੇ ਵਧਣ ਦਾ ਮੌਕਾ ਮਿਲਿਆ।

# ਅੰਮ੍ਰਿਤਾ ਪ੍ਰੀਤਮ
## (1919 – 2005)

## 1. ਸੁੰਦਰਾਂ

ਤੂੰ ਜਨਮ ਜਨਮ ਦਾ ਪੂਰਨ ਜੋਗੀ
ਮੈਂ ਜਨਮ ਜਨਮ ਦੀ ਸੁੰਦਰਾਂ ...

ਇਕ ਜਨਮ ਮੈਂ ਇਹੀ ਸੁੰਦਰਾਂ
ਭਗਵਾ ਪਹਿਰਨ ਵੇਖ ਕੇ ਮੋਹੀ
ਮੈਂ ਜਿਉਂ ਹੀ ਮੋਤੀ ਅਰਪਣ ਲੱਗੀ
ਭਗਵਾ ਪਹਿਰਨ ਅੰਬਰ ਬਣਿਆ
ਤੇ ਮੈਂ ਧਰਤੀ ਦੀ ਰੋਹੀ ...

ਇਕ ਜਨਮ ਮੈਂ ਇਹੀ ਸੁੰਦਰਾਂ
ਇਕ ਹੀਰ ਨਿਮਾਣੀ ਹੋਈ
ਰਾਂਝਣ ਜੋਗੀ ਅਲਖ ਜਗਾਈ
ਗਲ ਦਾ ਪਹਿਰਨ ਕਬਰ ਦੀ ਮਿੱਟੀ
ਮੇਰੀ ਚੁੰਨੀ ਕਫ਼ਨ ਹੋਈ ...

ਇਕ ਜਨਮ ਮੈਂ ਇਹੀ ਸੁੰਦਰਾਂ
ਪੂਰਨ ਇਕ ਪਰਦੇਸੀ ਕੋਈ
ਜੋ ਪਹਿਰਨ ਸੀ ਅੰਬਰ ਬਣਿਆ

ਉਹੀਓ ਪਹਿਰਨ ਜਲ ਥਲ ਹੋਇਆ
ਮੈਂ ਭਰੀ ਝਨਾਂ ਵਿਚ ਮੋਈ ...

ਇਕ ਜਨਮ ਮੈਂ ਇਹੀ ਸੁੰਦਰਾਂ
ਵਤ ਮੈਂ ਸੱਸੀ ਨਾਮ ਧਰਾਇਆ
ਜੋ ਪਹਿਰਨ ਸੀ ਜਲ ਥਲ ਬਣਿਆ
ਉਹੀਓ ਰੇਤ ਦਾ ਕਣ ਕਣ ਹੋਇਆ
ਮੈਂ ਵਿਚ ਥਲਾਂ ਦੇ ਰੋਈ ...

ਤੇ ਏਸ ਜਨਮ ਮੈਂ ਉਹੀ ਸੁੰਦਰਾਂ
ਉਹੀਓ ਇਸ਼ਕ ਹਯਾਤੀ ਬਣਿਆ
ਅੱਜ ਭਗਵਾ ਪਹਿਰਨ ਕੋਰਾ ਕਾਗਜ਼
ਮੈਂ ਕੋਰੇ ਕਾਗ਼ਜ਼ ਦੇ ਗਲ ਲੱਗੀ
ਤੇ ਅੱਖਰ ਅੱਖਰ ਹੋਈ ...

ਤੂੰ ਜਨਮ ਜਨਮ ਦਾ ਪੂਰਨ ਜੋਗੀ
ਮੈਂ ਜਨਮ ਜਨਮ ਦੀ ਸੁੰਦਰਾਂ ...

## ਟਿੱਪਣੀ

ਇਸ ਕਵਿਤਾ ਦੀ ਪਾਤਰ ਕਿੱਸਾ ਕਾਵਿ ਦੀ ਪ੍ਰੇਮ-ਨਾਇਕਾ ਸੁੰਦਰਾਂ ਹੈ। ਕਵਿਤਾ ਵਿਚ ਕਵੀ ਨੇ ਹੀਰ, ਸੁਹਣੀ, ਸੱਸੀ ਆਦਿ ਕਿੱਸਾ ਕਾਵਿ ਦੀਆਂ ਪ੍ਰੇਮਿਕਾਵਾਂ ਨੂੰ ਸੁੰਦਰਾਂ ਦੇ ਵੱਖ-ਵੱਖ ਰੂਪਾਂ ਵਿਚ ਮਹਿਸੂਸ ਕੀਤਾ ਹੈ। ਉਸਨੂੰ ਲਗਦਾ ਹੈ ਕਿ ਹਰ ਸੱਚੀ ਪ੍ਰੇਮਿਕਾ ਸੁੰਦਰਾਂ ਹੈ। ਇਸ ਜਨਮ ਵਿਚ ਕਵਿਤਰੀ ਸੁੰਦਰਾਂ ਦੀ ਭੂਮਿਕਾ ਨਿਭਾ ਰਹੀ ਹੈ। ਇਸ ਜਨਮ ਵਿਚ ਪ੍ਰੇਮ ਦਾ ਨਾਂ ਜ਼ਿੰਦਗੀ ਹੈ। ਪੂਰਨ ਇਸ ਵਿਚ ਕੋਰਾ ਕਾਗਜ਼ ਹੈ ਅਤੇ ਸੁੰਦਰਾਂ ਅੱਖਰਾਂ ਦਾ ਰੂਪ ਹੈ।

## ਔਖੇ ਸ਼ਬਦਾਂ ਦੇ ਅਰਥ

ਭਗਵਾਂ ਪਹਿਰਨ—ਸਾਧੂ ਸੰਤਾਂ ਵਾਲੀ ਪੁਸ਼ਾਕ। ਰੋਹੀ—ਉਜਾੜ। ਵਤ—ਫੇਰ। ਥਲਾਂ—ਰੇਗਿਸਤਾਨ। ਹਯਾਤੀ—ਜ਼ਿੰਦਗੀ।

## ਪ੍ਰਸ਼ਨ

1. ਸੁੰਦਰਾਂ ਨੂੰ ਕਵੀ ਨੇ ਕਿਹੜੇ-ਕਿਹੜੇ ਰੂਪਾਂ ਵਿਚ ਪੇਸ਼ ਕੀਤਾ ਹੈ ?
2. 'ਪੂਰਨ' ਤੇ 'ਸੁੰਦਰਾਂ' ਦੇ ਪ੍ਰਸੰਗ ਨੂੰ ਸਪਸ਼ਟ ਕਰੋ ?
3. ਇਸ ਜਨਮ ਦੀ ਸੁੰਦਰਾਂ ਦਾ ਇਸ਼ਕ ਕੀ ਬਣਦਾ ਹੈ ?

# 2. ਰਾਖੇ

ਕਿਤਨਾ ਫ਼ਿਕਰ ਹੈ ਇਨ੍ਹਾਂ ਨੂੰ ਗਵਾਂਢੀ ਦੀ ਧੀ ਦਾ, ਹਮਸਾਏ ਦੇ ਪੁੱਤ ਦਾ,
ਕਿੰਜ ਰਖਦੇ ਨੇ ਧਿਆਨ, ਆਪਣੇ ਕੰਮਾਂ ਦਾ ਵੇਲਾ ਵੀ ਕਿੰਝ ਖਰਚ ਜਾਨ
ਰਖਵਾਲੀਆਂ ਨਿਬਹਾਨ

ਲਹਿਣਾ ਨਹੀਂ, ਦੇਣਾ ਨਹੀਂ, ਨਿਰੀ ਪੁਰੀ ਸੇਵਾ ਹੈ ਸਮਾਜ ਦੀ
ਝੀਥਾਂ 'ਚੋਂ, ਵਿੱਥਾਂ 'ਚੋਂ, ਝਾਗ ਝਾਗ ਘੰਟੇ, ਲਭਦੇ ਗਿਆਨ
ਇਹ ਰਾਖੇ ਵਿਚਾਰੇ

ਇਕ ਰੌਸ਼ਨਦਾਨ ਦੇ ਟੁੱਟੇ ਹੋਏ ਸ਼ੀਸ਼ੇ 'ਚੋਂ ਅੱਖਾਂ ਦੀ ਥਕਾਨ
ਕਿਸੇ ਛੱਲੀਆਂ ਦੇ ਬਾਪ ਨੇ ਵੀ ਕੀ ਕਰਨੀ ਏਂ ਰਾਖੀ
ਲਗੇ ਲਗੇ ਜਾਂਦੇ ਵੀ ਕੰਨ ਕਿਤੇ ਲਾਨ

ਫੇਰ ਮਾਰੇ ਫਿਕਰ ਦੇ ਮੂੰਹਾਂ ਦੀ ਘੁਸਰ ਮੁਸਰ ਮੂੰਹਾਂ ਨੂੰ ਲਾਣ।
ਕਿਤਨਾ ਫਿਕਰ ਹੈ ਇਨ੍ਹਾਂ ਨੂੰ ਗਵਾਂਢੀ ਦੀ ਧੀ ਦਾ, ਹਮਸਾਏ ਦੇ ਪੁੱਤ ਦਾ।

## ਟਿੱਪਣੀ

ਇਹ ਕਵਿਤਾ ਸਾਡੇ ਸਮਾਜ ਅਤੇ ਸਮਾਜਕ ਜੀਵਨ ਦੇ ਇਕ ਪੱਖ ਨੂੰ ਬਿਆਨਦੀ ਹੈ, 'ਰਾਖੇ' ਸ਼ਬਦ ਤੋਂ ਭਾਵ ਇੱਥੇ ਗਵਾਂਢੀਆਂ ਤੋਂ ਹੈ। ਗਵਾਂਢੀਆਂ ਉਪਰ ਸੂਖਮ ਚੋਟ ਹੈ, ਵਿਅੰਗ ਹੈ। ਇਸ ਵਿਅੰਗ ਵਿਚ ਕਿਸੇ ਜ਼ਾਤ ਜਾਂ ਸ਼੍ਰੇਣੀ ਵੰਡ ਦਾ ਦਖ਼ਲ ਨਹੀਂ। ਇਹ ਤਾਂ ਇਕੋ ਹੀ ਸ਼੍ਰੇਣੀ ਦੇ ਜੀਅ ਹਨ, 'ਗਵਾਂਢੀ ਦੀ ਧੀ ਹਮਸਾਏ ਦੇ ਪੁੱਤ'। ਇਹ ਗਵਾਂਢੀ ਇਕ ਦੂਜੇ ਦੇ ਘਰਾਂ, ਮਾਮਲਿਆਂ ਵਿਚ ਬਿਨਾਂ ਕਿਸੇ ਵਜ੍ਹਾ ਅਤੇ ਬਿਨਾਂ ਕਿਸੇ ਦੀ ਇੱਛਾ ਦੇ ਦਖ਼ਲ ਦਿੰਦੇ ਹਨ। ਇਹ ਨਿੰਦਕ ਵੀ ਹਨ ਅਤੇ ਨਿੰਦਿਤ ਵੀ।

## ਔਖੇ ਸ਼ਬਦਾਂ ਦੇ ਅਰਥ

ਹਮਸਾਏ—ਗਵਾਂਢੀ। ਝੀਥਾਂ—ਦਰਵਾਜ਼ੇ ਤੇ ਤਾਕਾਂ ਵਿਚਾਲੇ ਦੀ ਵਿੱਥ। ਛੱਲੀਆਂ ਦੇ ਬਾਪ—ਕਿਸਾਨ।

## ਪ੍ਰਸ਼ਨ

1. ਇਸ ਕਵਿਤਾ ਵਿਚਲੇ ਵਿਅੰਗ ਨੂੰ ਸਪਸ਼ਟ ਕਰੋ।
2. 'ਰਾਖੇ' ਕਿਸ 'ਗਿਆਨ' ਨੂੰ ਲੱਭਦੇ ਹਨ।
3. 'ਗਵਾਂਢੀ ਦੀ ਧੀ' ਦਾ ਇਨ੍ਹਾਂ ਨੂੰ ਕਿਸ ਤਰ੍ਹਾਂ ਦਾ ਫ਼ਿਕਰ ਹੈ ?

# 3. ਚੱਪਾ ਚੰਨ

ਚੱਪਾ ਚੰਨ—ਤੇ ਮੁੱਠ ਕੁ ਤਾਰੇ, ਸਾਡਾ ਮਲ ਬੈਠੇ ਅਸਮਾਨ
ਸਾਡੀਆਂ ਭੁੱਖਾਂ ਇੰਨੀਆਂ ਵੱਡੀਆਂ ਪਰ ਓ ਦਾਤਾ ! ਤੇਰੇ ਦਾਨ,
ਮੁੱਠ ਕੁ ਤਾਰੇ ਤਰੌਂਕ ਕੇ
ਤੇ ਚੱਪਾ ਕੁ ਚੰਨ ਸੁੱਟ ਕੇ ਸਬਰ ਸਾਡਾ ਅਜਮਾਣ।
ਸੁੱਟ ਦੇਣ ਕੁਝ ਰਿਸ਼ਮਾਂ, ਡੰਗ ਦੇਣ ਕੁਝ ਲੋਆਂ।
ਪਰ ਵਿਲਕਣ ਪਏ ਧਰਤੀ ਦੇ ਅੰਗ, ਇਹ ਅੰਗ ਨਾ ਉਨ੍ਹਾਂ ਨੂੰ ਲਾਣ।
ਉਹ ਵੀ ਵੇਲੇ ਆਣ
ਇਕ ਦੋ ਰਾਤਾਂ, ਹੱਥ ਤੇਰੇ ਰਤਾ ਵੱਧ ਸਖੀ ਹੋ ਜਾਣ,
ਕੁਝ ਖੁਲ੍ਹੇ ਹੱਥੀਂ ਦੇਣ ਏਸ ਨੂਰ ਦਾ ਦਾਨ
ਫਿਰ ਸੰਙ ਜਾਣ
ਚੱਪਾ ਚੰਨ ਵੀ ਖੋਹਣ, ਦਾਨ ਦੇ ਕੇ ਘਬਰਾਣ
ਕਦੇ ਪਰਬਤ ਓਹਲੇ ਕਰਨ, ਕਦੇ ਬੱਦਲਾਂ ਹੇਠ ਛੁਪਾਣ
ਫਿਰ ਸੁੰਞੀਆਂ ਰਾਤਾਂ ਸੱਖਣੇ ਪੱਲੇ ਖ਼ਾਲੀ ਸਭ ਅਸਮਾਨ।
ਪਰ ਭੁੱਖ ਵਿਲਕਦੇ ਬੁੱਲ੍ਹ ਸਾਡੇ ਫਿਰ ਵੀ ਆਖੀ ਜਾਣ,
ਤੇਰੇ ਸੰਗਦੇ ਸੰਗਦੇ ਦਾਨ ਸਾਡਾ ਸਭੋ ਕਝ ਸਰਚਾਣ
ਸਾਡੀ ਤ੍ਰਿਸ਼ਨਾ ਨੂੰ ਤ੍ਰਿਪਤਾਣ, ਭਾਲ ਸਾਡੀ ਸਸਤਾਣ
ਤੇਰੇ ਹੱਥ ਦੇ ਇਕ ਦੋ ਭੌਰੇ ਵੀ—ਭੁੱਖ ਸਾਡੀ ਵਰਚਾਣ,
ਚੱਪਾ-ਚੰਨ—ਤੇ ਮੁੱਠ ਕੁ ਤਾਰੇ, ਸਾਡਾ ਮੱਲ ਬੈਠੇ ਅਸਮਾਨ।

## ਟਿੱਪਣੀ

ਇਸ ਕਵਿਤਾ ਵਿਚ ਮਨੁੱਖ ਦੀਆਂ ਅਤ੍ਰਿਪਤ ਭੁੱਖਾਂ ਦਾ ਜ਼ਿਕਰ ਹੈ। ਵਿਚਾਰ ਨੂੰ ਚੰਨ, ਤਾਰੇ ਅਤੇ ਅਸਮਾਨ ਦੇ ਪ੍ਰਤੀਕਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਮਨੁੱਖ ਦੀਆਂ ਭੁੱਖਾਂ ਬੇਅੰਤ ਹਨ, ਪਰ ਉਨ੍ਹਾਂ ਦੀ ਪੂਰਤੀ ਦੇ ਸਾਧਨ ਬਹੁਤ ਸੀਮਿਤ ਹਨ। ਚੰਨ ਕੇਂਦਰੀ ਪ੍ਰਤੀਕ ਹੈ। ਜਿਵੇਂ ਚੰਨ ਹਮੇਸ਼ਾਂ ਪੂਰਾ ਨਹੀਂ ਹੁੰਦਾ, ਉਵੇਂ ਹੀ ਮਨੁੱਖੀ ਭੁੱਖਾਂ ਵੀ ਹਮੇਸ਼ਾਂ ਪੂਰੀਆਂ ਨਹੀਂ ਹੁੰਦੀਆਂ। ਇਨ੍ਹਾਂ ਵਿਚਲਾ ਰਿਸ਼ਤਾ ਮੰਗਣ ਦਾ ਹੈ, ਸੰਘਰਸ਼ ਦਾ ਨਹੀਂ। ਇਹ ਰਿਸ਼ਤਾ ਹੀ ਇਸ ਕਵਿਤਾ ਦਾ ਧੁਰਾ ਹੈ। ਜੀਵਨ ਦਾ ਚਿਤਰਣ ਵੀ ਰਾਤ ਦੀ ਤਰ੍ਹਾਂ ਹਨੇਰੇ ਦੇ ਰੂਪ ’ਚ ਹੀ ਹੈ।

## ਔਖੇ ਸ਼ਬਦਾਂ ਦੇ ਅਰਥ

ਚੱਪਾ—ਇਕ ਚੌਥਾਈ। ਰਿਸ਼ਮ—ਰੌਸ਼ਨੀ ਦੀ ਤੰਦ। ਇਕ ਦੋ ਰਾਤਾਂ—ਪੁੰਨਿਆਂ ਤੇ ਉਸਦੇ ਨਾਲ ਦੀਆਂ ਰਾਤਾਂ ਜਦੋਂ ਚੰਨ ਪੂਰਾ ਜਾਂ ਲਗਭਗ ਪੂਰਾ ਚਮਕਦਾ ਹੈ। ਸਖੀ—ਦਾਨ।

## ਪ੍ਰਸ਼ਨ

1. ਕਵਿਤਾ ਦਾ ਕੇਂਦਰੀ ਪ੍ਰਤੀਕ ਕੀ ਹੈ ਕਵੀ ਦੇ ਵਿਚਾਰ ਅਧੀਨ ਪਰਖੋ।

2. ਕਵੀ ਨੇ ਮਨੁੱਖ ਦੀਆਂ ਕਿਹੜੀਆਂ ਭੁੱਖਾਂ ਦਾ ਜ਼ਿਕਰ ਕੀਤਾ ਹੈ।
3. ਚੰਨ ਅਤੇ ਭੁੱਖ ਵਿਚਲੀ ਸਮਾਨਤਾ ਬਾਰੇ ਚਰਚਾ ਕਰੋ।

## ਕਵੀ ਬਾਰੇ ਜਾਣਕਾਰੀ

ਜਨਮ ਸਥਾਨ : ਗੁਜਰਾਂਵਾਲਾ, ਪੰਜਾਬ (ਹੁਣ ਪਾਕਿਸਤਾਨ), ਵਸਨੀਕ-ਦਿੱਲੀ।

ਅੰਮ੍ਰਿਤਾ ਪ੍ਰੀਤਮ ਵੀ ਮੋਹਨ ਸਿੰਘ ਵਾਂਗ ਆਧੁਨਿਕ ਪੰਜਾਬੀ ਕਵਿਤਾ ਦੀ ਰੁਮਾਂਟਿਕ ਪ੍ਰਗਤੀਵਾਦੀ ਕਾਵਿ-ਧਾਰਾ ਨਾਲ ਸੰਬੰਧਤ ਹੈ। ਉਸਦੀਆਂ ਕਵਿਤਾਵਾਂ ਵਿਚ ਔਰਤ ਦੀ ਸਥਿਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਉਸਦੀ ਅਮਰ ਰਚਨਾ ਮੰਨਿਆ ਜਾਂਦਾ ਹੈ। ਅੰਮ੍ਰਿਤਾ ਪ੍ਰੀਤਮ ਨੇ ਕਵਿਤਾ ਤੋਂ ਇਲਾਵਾ ਸਾਹਿਤ ਦੇ ਕਈ ਰੂਪਾਂ ਵਿਚ ਰਚਨਾ ਕੀਤੀ, ਪਰ ਉਸਦੀ ਪਛਾਣ ਇਕ ਕਵਿਤਰੀ ਦੇ ਤੌਰ ਤੇ ਵਧੇਰੇ ਹੈ। ਉਸਦੇ ਕੁਝ ਪ੍ਰਸਿੱਧ ਕਾਵਿ ਸੰਗ੍ਰਹਿ ਹਨ—'ਪੱਥਰ ਗੀਟੇ', 'ਲੰਮੀਆਂ ਵਾਟਾਂ', 'ਸਰਘੀ ਵੇਲਾ', 'ਕਾਗਜ਼ ਤੇ ਕੈਨਵਸ', 'ਮੈਂ ਜਮਾਂ ਤੂੰ' ਆਦਿ।

ਅੰਮ੍ਰਿਤਾ ਪ੍ਰੀਤਮ ਨੂੰ ਉਸਦੀਆਂ ਰਚਨਾਵਾਂ ਲਈ ਕਈ ਸਨਮਾਨਾ ਨਾਲ ਸਨਮਾਨਿਤ ਕੀਤਾ ਗਿਆ। ਉਸਨੂੰ ਸਾਹਿਤ ਅਕਾਦਮੀ ਐਵਾਰਡ (1956), ਭਾਰਤ ਸਰਕਾਰ ਵਲੋਂ ਪਦਮ ਸ੍ਰੀ (1969), ਭਾਰਤੀ ਗਿਆਨਪੀਠ ਐਵਾਰਡ (1982) ਅਤੇ ਭਾਰਤ ਸਰਕਾਰ ਵਲੋਂ ਪਦਮ-ਵਿਭੂਸ਼ਣ (2004) ਨਾਲ ਸਨਮਾਨਿਤ ਕੀਤਾ ਗਿਆ। ਉਸਦੀਆਂ ਰਚਨਾਵਾਂ ਦਾ ਲਗਭਗ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋਇਆ। ਅੰਮ੍ਰਿਤਾ ਪ੍ਰੀਤਮ ਨੂੰ 6 ਵਿਸ਼ਵ ਵਿਦਿਆਲਿਆਂ ਵਲੋਂ ਡੀ. ਲਿਟ ਦੀ ਆਨਰੇਰੀ ਡਿਗਰੀ ਵੀ ਮਿਲੀ।

# ਡਾ. ਹਰਿਭਜਨ ਸਿੰਘ

**(1920 – 2002)**

## 1. ਧੀ

ਧਰਤੀ ਦੇ ਹੇਠਾਂ
ਧੌਲ ਹੈ
ਧਰਮ ਹੈ
ਇਕ ਮੇਰੀ ਧੀ ਹੈ

ਧਰਤੀ ਤਾਂ ਬੋਝ ਹੈ
ਦੁੱਖ ਹੈ ਕੋੜ ਹੈ
ਸਹਿੰਦੀ ਹੈ ਧੀ
ਪਰ ਕਰਦੀ ਨਾ ਸੀ ਹੈ

ਧੌਲ ਤਾਂ ਥਕਿਆ
ਥਕ ਕੇ ਬਹਿ ਗਿਆ
ਧਰਮ ਨੀ ਹਾਰਿਆ
ਪੰਖ ਲਾ ਉਡ ਗਿਆ
ਧੀਆਂ ਨੂੰ ਥੱਕਣ ਦੀ
ਪੰਖ ਲਾ ਉਡਣ ਦੀ
ਜਾਚ ਹੀ ਨਹੀਂ ਹੈ

ਚਤਰਮੁਖ ਬ੍ਰਹਮਾ ਨੇ ਦੁਨੀਆਂ ਬਣਾਈ
ਉਹਨੇ ਦੁਖ ਬਣਾਏ ਸਹਿਸਭੁਜ
ਉਹਨਾਂ ਸੰਗ ਲੜਣ ਲਈ
ਇਕ ਦੇਵੀ ਅਸ਼ਟਭੁਜੀ ਹੈ
ਪਰ ਧੀ ਤਾਂ ਹੈ ਮਨੁੱਖ
ਉਹ ਵੀ ਅੱਧੀ ਮਸਾਂ ਪੌਣੀ
ਉਹ ਦੁੱਖਾਂ ਸੰਗ ਲੜਦੀ ਨਹੀਂ
ਦੁਖ ਚੱਕਦੀ ਹੈ

ਧਰਤੀ ਦੇ ਹੇਠਾਂ
ਕਦੇ ਧੌਲ ਸੀ
ਧਰਮ ਸੀ
ਹੁਣ ਮੇਰੀ ਧੀ ਹੈ

## ਟਿੱਪਣੀ

ਇਸ ਕਵਿਤਾ ਵਿਚ ਉਸ ਧੀ ਦਾ ਚਿੱਤਰ ਪੇਸ਼ ਕੀਤਾ ਗਿਆ ਹੈ ਜੋ ਧੌਲ ਦੀ ਥਾਂ ਅੱਜ ਮੂਲ ਮਨੁੱਖੀ ਕੀਮਤਾਂ ਦਾ ਸੰਤੁਲਨ ਸੰਭਾਲ ਰਹੀ ਹੈ, ਉਸਨੂੰ ਅਸੰਤੁਲਿਤ ਨਹੀਂ ਹੋਣ ਦੇ ਰਹੀ। ਅਜਿਹਾ ਕਰਨ ਲਈ ਉਸਨੂੰ ਬਹੁਤ ਕੁਝ ਸਹਿਣਾ ਪੈਂਦਾ ਹੈ। ਪਰ, ਉਹ ਆਪਣੇ ਧਰਮ ਤੋਂ ਨਹੀਂ ਹਟਦੀ। ਧਰਮ ਮਨੁੱਖੀ ਕਦਰਾਂ-ਕੀਮਤਾਂ ਦਾ ਰਾਖਾ ਹੈ। ਲੋਕ-ਵਿਸ਼ਵਾਸ ਅਤੇ ਧਰਮ ਦਾ ਮਹੱਤਵ ਘੱਟਦਾ ਜਾ ਰਿਹਾ ਹੈ। ਪਰ ਇਸਤਰੀ ਜ਼ਾਤ ਅਜੇ ਵੀ ਆਪਣੀ ਜ਼ਿੰਮੇਵਾਰੀ ਨੂੰ ਸਾਂਭ ਰਹੀ ਹੈ। ਕਵੀ ਕਵਿਤਾ ਵਿਚ ਇਸਤਰੀ ਜ਼ਾਤ ਦੀ ਇਸ ਹਿੰਮਤ ਨੂੰ ਸਲਾਹੁੰਦਾ ਹੈ।

## ਔਖੇ ਸ਼ਬਦਾਂ ਦੇ ਅਰਥ

ਧੌਲ—ਸਫ਼ੇਦ ਬੈਲ। ਕੋਝ—ਬਦਸੂਰਤੀ। ਚਤੁਰਮੁਖ—ਚਾਰ ਮੂੰਹਾਂ ਵਾਲਾ ਬ੍ਰਹਮਾ। ਸਹਿਸਭੁਜ—ਸੌ ਅੱਖਾਂ ਵਾਲਾ, ਬਹੁਤ ਸ਼ਕਤੀਮਾਨ। ਅਸ਼ਟਭੁਜਾ—ਅੱਠ ਬਾਹਵਾਂ ਵਾਲੀ ਦੇਵੀ, ਦੁਰਗਾ।

## ਪ੍ਰਸ਼ਨ

1. ਇਸ ਕਵਿਤਾ ਦੇ ਆਧਾਰ ’ਤੇ ‘ਧਰਮ’ ਤੋਂ ਕੀ ਭਾਵ ਹੈ ?
2. ਕਵਿਤਾ ਵਿਚ ‘ਅੱਧੀ-ਪੌਣੀ ਧੀ’ ਤੋਂ ਤੁਸੀਂ ਕੀ ਸਮਝਦੇ ਹੋ ?
3. ਕਵਿਤਾ ਵਿਚਲੀ ‘ਧੀ’ ਕਿਹੜੀਆਂ-ਕਿਹੜੀਆਂ ਜ਼ਿੰਮੇਵਾਰੀਆਂ ਨਿਭਾ ਰਹੀ ਹੈ ?

# 2. ਬਿਰਛ ਨਾਲ ਲੈ ਕੇ ਤੁਰਨਾ ਹੈ

ਕੱਲਾ ਮੈਂ
ਕੱਲਾ ਮਾਰੂਥਲ
ਦੋਹਾਂ ਇਕ ਦੂਜੇ 'ਚੋਂ ਲੰਘਣਾ
ਅਪਣੀ ਅਪਣੀ ਅੱਗ ਵਿਚ ਦੋਵੇਂ ਸੁਲਗ ਰਹੇ ਹਾਂ
ਇਕ ਦੂਜੇ ਵਿਚ ਅਜੇ ਝੁਲਸਣਾ ਬਾਕੀ ਹੈ

ਜੀ ਵਿਚ ਆਇਆ ਅਪਣੇ ਨਾਲ
ਕੋਈ ਸੰਘਣੀ ਜਿਹੀ ਛਾਂ ਲੈ ਚੱਲਾ
ਜਿਹੜਾ ਬਿਰਛ ਪੁੱਟ ਕੇ ਛਤਰੀ ਵਾਂਗ ਚੁੱਕਿਆ
ਚਾਰ ਕਦਮ ਚੱਲ ਕੇ ਹੀ ਸੁੱਕ ਸੜ ਜਾਂਦਾ ਹੈ
ਪੱਤਾ ਪੱਤਾ ਝੜ ਜਾਂਦਾ ਹੈ

ਮੋਏ ਬਿਰਛ ਦੀ ਛਾਂ ਬਹੁਤਾ ਚਿਰ ਜੀ ਨਹੀਂ ਸਕਦੀ
ਓੜਕ ਅਪਣੀ ਮਿੱਟੀ 'ਚ ਹੀ ਬਿਰਛ ਉਗਾਇਆ
ਮੇਰੇ ਵਾਂਗ ਇਕਹਿਰਾ ਇਕੱਲਵਾਂਞਾ
ਇਸ ਦੀ ਛਾਂ ਮੇਰੇ ਪਰਛਾਵੇਂ ਵਾਂਗ
ਮੇਰੇ ਸਿਰ ਤੇ ਨਹੀਂ ਹੁੰਦੀ

ਪੱਤੇ ਪੱਤੇ ਦੀ ਹਰਿਆਲੀ
ਚਾਲ ਮੇਰੀ ਵਿਚ ਲਹਿਕ ਰਹੀ ਹੈ।

## ਟਿੱਪਣੀ

ਕਵਿਤਾ ਵਿਚ ਕਵੀ ਦੋ ਪ੍ਰਤੀਕ ਲੈਂਦਾ ਹੈ, ਇਕ ਬਿਰਛ ਤੇ ਦੂਜਾ ਮਾਰੂਥਲ। ਮਾਰੂਥਲ ਜ਼ਿੰਦਗੀ ਦਾ ਯਥਾਰਥ ਹੈ ਤੇ ਬਿਰਛ ਸਹਾਰਾ ਹੈ, ਵਿਸ਼ਵਾਸ ਹੈ ਇਸ ਮਾਰੂਥਲ ਰੂਪੀ ਜ਼ਿੰਦਗੀ 'ਚੋਂ ਪਾਰ ਨਿਕਲਣ ਦਾ। ਬਗਾਨੀ ਛਾਂ ਸਾਥ ਨਹੀਂ ਦਿੰਦੀ ਇਸ ਲਈ ਆਪਣਾ ਹੀ ਵਿਸ਼ਵਾਸ, ਆਪਣਾ ਹੀ ਬਿਰਛ ਆਪਣੇ ਅੰਦਰੋਂ ਪੈਦਾ ਕਰਨਾ ਪੈਂਦਾ ਹੈ ਅਤੇ ਇਸ ਨੂੰ ਨਾਲ ਲੈ ਕੇ ਕਵੀ ਇਸ ਜ਼ਿੰਦਗੀ ਦੇ ਯਥਾਰਥ 'ਚੋਂ ਲੰਘ ਜਾਣਾ ਚਾਹੁੰਦਾ ਹੈ।

## ਪ੍ਰਸ਼ਨ

1. ਕਵਿਤਾ ਵਿਚ ਲਏ ਗਏ ਪ੍ਰਤੀਕਾਂ ਨਾਲ ਜਾਣ-ਪਛਾਣ ਕਰਾਓ।
2. ਕਵੀ ਆਪਣੀ ਮਿੱਟੀ ਵਿਚ ਹੀ ਆਪਣਾ ਬਿਰਛ ਕਿਉਂ ਉਗਾਉਣਾ ਚਾਹੁੰਦਾ ਹੈ ?
3. 'ਆਪਣੀ ਮਿੱਟੀ 'ਚ ਉਗਾਏ ਬਿਰਛ' ਬਾਰੇ ਕਵੀ ਦਾ ਅਨੁਭਵ ਦੱਸੋ।

# 3. ਜਾਲੇ

ਜਾਲੇ ਜਾਲੇ ਜਾਲੇ
ਪੌਣਾਂ ਤੇ ਪਾਣੀ ਵਿਚ ਆਏ
ਉੜਦੇ ਰੁੜ੍ਹਦੇ ਜਾਲੇ

ਅੱਖਾਂ ਮੀਟੀ ਅੰਨ੍ਹਿਆਂ ਵਾਂਗੂੰ
ਰੁਜ਼ਗਾਰਾਂ ਨੂੰ ਜਾਈਏ
ਕੁਲ ਡਿੱਠੇ ਅਣਡਿੱਠੇ ਕੀਤੇ
ਨ੍ਹੇਰੇ ਅਤੇ ਉਜਾਲੇ

ਦਰਬਾਰੋਂ ਜੇ ਮਿਲੇ ਪਿਆਲਾ
ਸਣ ਜਾਲੇ ਪੀ ਜਾਈਏ
ਪੁਣ ਕੇ ਪੀਣਾ ਤੇ ਚੁਣ ਕੇ ਜੀਣਾ
ਇਹ ਨਹੀਂ ਪੁਗਦਾ ਹਾਲੇ

ਕਾਲਾ ਸੂਰਜ ਚੜ੍ਹੇ ਸਵੇਰੇ
ਕਾਲਾ ਹੀ ਡੁੱਬ ਜਾਵੇ
ਕਾਲਖ ਤੋਂ ਬਿਨ ਹੋਰ ਨ ਦੂਜਾ
ਕਿਉਂ ਕੋਈ ਬੱਤੀ ਬਾਲੇ

ਤੂੰ ਮੇਰੇ ਤੇ ਮੈਂ ਤੇਰੇ ਤੇ
ਬੈਠ ਗਏ ਜਦ ਪਹਿਰੇ
ਕੌਣ ਕਿਸੇ ਤੋਂ ਰਸਤਾ ਪੁੱਛੇ
ਕਿਹੜਾ ਰਾਹ ਵਿਖਾਲੇ

ਜੀ ਕੀਤਾ ਆਪਣੇ ਤਕ ਪਹੁੰਚਾ
ਕੁਝ ਤਾਂ ਹੂੰਝ ਬੁਹਾਰਾਂ
ਪਹੁੰਚ ਗਿਆ ਪਰ ਖੋਲ੍ਹ ਨਾ ਸਕਿਆ
ਮੱਥੇ ਲੱਗੇ ਤਾਲੇ

ਓਦਰ ਕੇ ਮੈਂ ਆਪਣਿਆਂ ਦਾ
ਜਾ ਬੂਹਾ ਖੜਕਾਇਆ
ਕੰਧਾਂ ਦੇ ਗਲ ਲਗ ਕੇ ਬਹਿ ਗਏ
ਟੁੱਕੀਆਂ ਜੀਭਾਂ ਵਾਲੇ।

## ਟਿੱਪਣੀ

ਕਵਿਤਾ ਵਿਚਲੀ ਸਥਿਤੀ ਅਜਿਹੇ ਸੰਕਟ ਦੀ ਹੈ ਜੋ ਕਦੀ ਵੀ ਵਾਪਰ ਸਕਦਾ ਹੈ। ਸੰਕਟਮਈ ਸਥਿਤੀ ਵਿਚੋਂ ਕਾਵਿ-ਨਾਇਕ ਚਾਹ ਕੇ ਵੀ ਨਹੀਂ ਨਿਕਲ ਸਕਦਾ। ਹਰ ਪਾਸੇ ਜਾਲੇ, ਪਾਬੰਦੀਆਂ ਵਿਚ ਫਸਿਆ ਹੈ। ਨਿਰਾਸ਼ਾ ਹਰ ਪਾਸੇ ਫੈਲੀ ਹੋਈ ਹੈ, ਇਕ ਦੂਜੇ ਪ੍ਰਤੀ ਵਿਸ਼ਵਾਸ ਖ਼ਤਮ ਹੋ ਚੁੱਕਾ ਹੈ। ਇੱਥੇ ਤਕ ਕਿ ਆਪਣਿਆਂ ਨੂੰ ਵੀ ਨਹੀਂ ਮਿਲਿਆ ਜਾ ਸਕਦਾ ਕਿਉਂਕਿ ਉਹ ਵੀ ਇਸ ਸਥਿਤੀ ਦੇ ਸਹਿਮ ਦੇ ਸ਼ਿਕਾਰ ਹਨ।

## ਔਖੇ ਸ਼ਬਦਾਂ ਦੇ ਅਰਥ

ਪੌਣ—ਹਵਾ। ਦਰਬਾਰੋਂ—ਸਰਕਾਰ ਤੋਂ। ਕਾਲਖ਼—ਹਨੇਰਾ।

## ਪ੍ਰਸ਼ਨ

1. ਸ਼ਬਦ 'ਜਾਲੇ' ਅਤੇ 'ਟੁੱਕੀਆਂ ਜੀਭਾਂ ਵਾਲੇ' ਬਾਰੇ ਚਰਚਾ ਕਰੋ।
2. ਪ੍ਰਤੀਕ ਕੀ ਹੈ ? ਕਵਿਤਾ ਵਿਚਲੇ ਪ੍ਰਤੀਕਾਂ ਬਾਰੇ ਲਿਖੋ।
3. ਕਵਿਤਾ ਵਿਚਲੀ ਸਥਿਤੀ ਬਾਰੇ ਦੱਸੋ।

## ਕਵੀ ਬਾਰੇ ਜਾਣਕਾਰੀ

ਜਨਮ ਸਥਾਨ : ਲਮਡਿੰਗ (ਆਸਾਮ), ਵਸਨੀਕ-ਦਿੱਲੀ।

ਵਿਦਿਆ : ਐਮ. ਏ., ਪੀ. ਐਚ. ਡੀ.

ਡਾ. ਹਰਿਭਜਨ ਸਿੰਘ ਨੇ ਪੰਜਾਬੀ ਕਵਿਤਾ ਦੇ ਸੰਗਠਨ ਵਿਚ ਵਿਸ਼ੇਸ਼ ਪਰਿਵਰਤਨ ਲਿਆਂਦਾ। ਇਹ ਪਰਿਵਰਤਨ ਉਸਦੀਆਂ ਕਵਿਤਾਵਾਂ ਵਿਚ ਇਕ ਪਾਤਰੀ ਕਵਿਤਾਵਾਂ ਦੇ ਨਾਲ ਆਇਆ। ਇਸਦੇ ਨਾਲ ਹੀ ਉਸਦੀਆਂ ਕਵਿਤਾਵਾਂ ਵਿਚ ਯਥਾਰਥ-ਵਿਸ਼ਲੇਸ਼ਣ ਅਤੇ ਬੌਧਿਕ ਪ੍ਰਭਾਵ ਵੀ ਨਜ਼ਰ ਆਉਂਦਾ ਹੈ। ਡਾ. ਹਰਿਭਜਨ ਸਿੰਘ ਨੂੰ ਵਿਸ਼ੇਸ਼ ਤੌਰ ਤੇ ਇਕ ਅਧਿਆਪਕ ਅਤੇ ਆਲੋਚਕ ਦੇ ਤੌਰ ਤੇ ਵੀ ਪਛਾਣਿਆ ਜਾਂਦਾ ਹੈ। ਉਸ ਨੇ ਸਾਹਿਤ ਦੇ ਕਈ ਹੋਰ ਰੂਪਾਂ ਵਿਚ ਵੀ ਰਚਨਾਵਾਂ ਕੀਤੀਆਂ। ਇਕ ਕਵੀ ਦੀ ਤੌਰ ਤੇ ਕਵਿਤਾ ਦੇ ਖੇਤਰ ਵਿਚ 'ਲਾਸਾਂ' ਕਾਵਿ-ਸੰਗ੍ਰਹਿ ਨਾਲ ਉਸਨੇ ਵਿਸ਼ੇਸ਼ ਸਥਾਨ ਬਣਾਇਆ। ਉਸਦੇ ਪ੍ਰਮੁੱਖ ਕਾਵਿ-ਸੰਗ੍ਰਹਿ ਹਨ—'ਲਾਸਾਂ', 'ਤਾਰ-ਤੁਪਕਾ', 'ਨਾ ਧੁੱਪੇ ਨਾ ਛਾਵੇਂ', 'ਮੈਂ ਜੋ ਬੀਤ ਗਿਆ', 'ਟੁੱਕੀਆਂ ਜੀਭਾਂ ਵਾਲੇ', 'ਰੁੱਖ ਤੇ ਰਿਸ਼ੀ' ਆਦਿ।

ਡਾ. ਹਰਿਭਜਨ ਸਿੰਘ ਨੂੰ ਸਾਹਿਤ ਅਕਾਦਮੀ ਐਵਾਰਡ 'ਨਾ ਧੁੱਪੇ ਨਾ ਛਾਵੇਂ' ਕਾਵਿ-ਸੰਗ੍ਰਹਿ (1969), ਸੋਵੀਅਤ ਲੈਂਡ ਨਹਿਰੂ ਐਵਾਰਡ (1980), ਕਬੀਰ ਸਨਮਾਨ (1987), ਸਰਸਵਤੀ ਸਨਮਾਨ (1994) ਦੇ ਇਲਾਵਾ ਹੋਰ ਵੀ ਕਈ ਸਨਮਾਨਾਂ ਨਾਲ ਸਨਮਾਨਿਤ ਕੀਤਾ ਗਿਆ।

# ਸ਼ਿਵ ਕੁਮਾਰ

**(1937 – 1973)**

## 1. ਅਸਾਂ ਤਾਂ ਜੋਬਨ ਰੁੱਤੇ ਮਰਨਾ

ਅਸਾਂ ਤਾਂ ਜੋਬਨ ਰੁੱਤੇ ਮਰਨਾ
ਮੁੜ ਜਾਣਾ ਅਸਾਂ ਭਰੇ ਭਰਾਏ
ਹਿਜਰ ਤੇਰੇ ਦੀ ਕਰ ਪਰਕਰਮਾ
ਅਸਾਂ ਤਾਂ ਜੋਬਨ ਰੁੱਤੇ ਮਰਨਾ

ਜੋਬਨ ਰੁੱਤੇ ਜੋ ਵੀ ਮਰਦਾ
ਫੁੱਲ ਬਣੇ ਜਾਂ ਤਾਰਾ
ਜੋਬਨ ਰੁੱਤੇ ਆਸ਼ਿਕ ਮਰਦੇ
ਜਾਂ ਕੋਈ ਕਰਮਾਂ ਵਾਲਾ
ਜਾਂ ਉਹ ਮਰਨ,
ਕਿ ਜਿਨ੍ਹਾਂ ਲਿਖਾਏ
ਹਿਜਰ ਧੁਰੋਂ ਵਿਚ ਕਰਮਾਂ
ਹਿਜਰ ਤੁਹਾਡਾ ਅਸਾਂ ਮੁਬਾਰਿਕ
ਨਾਲ ਬਹਿਸ਼ਤੀ ਖੜਨਾ
ਅਸਾਂ ਤਾਂ ਜੋਬਨ ਰੁੱਤੇ ਮਰਨਾ।

ਸੱਜਣ ਜੀ ਭਲਾ ਕਿਸ ਲਈ ਜੀਣਾ
ਸਾਡੇ ਜਿਹਾ ਨਿਕਰਮਾਂ

ਸੂਤਕ ਰੁੱਤ ਤੋਂ,
ਜੋਬਨ ਰੁੱਤ ਤੱਕ
ਜਿਨ੍ਹਾਂ ਹੰਢਾਈਆਂ ਸ਼ਰਮਾਂ
ਨਿੱਤ ਲੱਜਿਆ ਦੀਆਂ ਜੰਮਣ ਪੀੜਾਂ

ਅਣਚਾਹਿਆ ਵੀ ਜਰਨਾ
ਨਿੱਤ ਕਿਸੇ ਦੇਹ ਵਿਚ
ਫੁੱਲ ਬਣ ਖਿੜਨਾ
ਨਿਤ ਤਾਰਾ ਬਣ ਚੜ੍ਹਣਾ
ਅਸਾਂ ਤਾਂ ਜੋਬਨ ਰੁੱਤੇ ਮਰਨਾ

ਸੱਜਣ ਜੀ
ਪਏ ਸਭ ਜੱਗ ਤਾਈ
ਗਰਭ ਜੂਨ ਵਿਚ ਮਰਨਾ
ਜੰਮਣੋਂ ਪਹਿਲਾਂ ਅਉਧ ਹੰਢਾਈਏ
ਫੇਰ ਹੰਢਾਈਏ ਸ਼ਰਮਾਂ
ਮਰ ਕੇ ਕਰੀਏ,
ਇਕ ਦੂਜੇ ਦੀ,
ਮਿੱਟੀ ਦੀ ਪਰਕਰਮਾ
ਪਰ ਜੇ ਮਿੱਟੀ ਵੀ ਮਰ ਜਾਏ
ਤਾਂ ਜੀਉ ਕੇ ਕੀ ਕਰਨਾ ?

ਅਸਾਂ ਤਾਂ ਜੋਬਨ ਰੁੱਤੇ ਮਰਨਾ
ਮੁੜ ਜਾਣਾ ਅਸਾਂ ਭਰੇ ਭਰਾਏ
ਹਿਜਰ ਤੇਰੇ ਦੀ ਕਰ ਪਰਕਰਮਾ
ਅਸਾਂ ਤਾਂ ਜੋਬਨ ਰੁੱਤੇ ਮਰਨਾ।

## ਟਿੱਪਣੀ

ਇਹ ਕਵਿਤਾ ਉਦਾਸ ਮਨੁੱਖ ਦੀ ਕਵਿਤਾ ਹੈ। ਮੌਤ ਦਾ ਜ਼ਿਕਰ ਪ੍ਰਧਾਨ ਸੁਰ 'ਚ ਹੈ। ਕਵੀ ਇਉਂ ਮਹਿਸੂਸ ਕਰਦਾ ਹੈ ਕਿ ਜਿਵੇਂ ਉਹ ਬਿਰਹਾ ਨੂੰ ਹੀ ਹੰਢਾਉਣ ਆਇਆ ਸੀ ਇਸੇ ਤਰ੍ਹਾਂ ਬਿਹਰਾ ਵਿਚ ਹੀ ਉਸ ਮਰ ਜਾਣਾ ਹੈ। ਜਨਮ ਤੋਂ ਹੀ ਉਸਨੂੰ ਆਪਣਾ ਆਪ ਨਿਕਰਮਾ ਲਗਦਾ ਹੈ। ਉਸਨੂੰ ਇਹ ਜੀਉਣਾ ਮੌਤ ਵਰਗਾ ਲਗਦਾ ਹੈ। ਉਸ ਅਨੁਸਾਰ ਜੋ ਜਵਾਨੀ ਦੀ ਉਮਰੇ ਮਰਦਾ ਹੈ ਉਹ ਸਵਰਗ ਜਾਂਦਾ ਹੈ। ਇਸ ਤਰ੍ਹਾਂ ਕਵੀ ਦੇ ਇਨ੍ਹਾਂ ਵਿਚਾਰਾਂ ਨੇ ਮੌਤ ਵਰਗੀ ਦਰਦਨਾਕ ਸਥਿਤੀ ਨੂੰ ਵੀ ਖ਼ੂਬਸੂਰਤ ਬਣਾ ਕੇ ਪੇਸ਼ ਕੀਤਾ ਹੈ।

### ਔਖੇ ਸ਼ਬਦਾਂ ਦੇ ਅਰਥ

ਹਿਜਰ—ਵਿਛੋੜਾ। ਬਹਿਸ਼ਤ—ਸਵਰਗ। ਅਉਧ—ਉਮਰ।

### ਪ੍ਰਸ਼ਨ

1. ਕਵਿਤਾ ਦੇ ਅਨੁਸਾਰ ਜੋਬਨ ਰੁੱਤ ਕਿਹੜੇ-ਕਿਹੜੇ ਲੋਕ ਮਰਦੇ ਹਨ ?
2. ਕਵੀ ਆਪਣੇ ਆਪ ਨੂੰ ਨਿਕਰਮਾਂ ਕਿਉਂ ਕਹਿ ਰਿਹਾ ਹੈ ?
3. ਕਵਿਤਾ ਵਿਚ ਕਵੀ ਦੀ ਤ੍ਰਾਸਦੀ ਬਾਰੇ ਲਿਖੋ।

## 2. ਵਿਧਵਾ ਰੁੱਤ

ਮਾਏ ਨੀ,
ਦੱਸ ਮੇਰੀਏ ਮਾਏ
ਇਸ ਵਿਧਵਾ ਰੁੱਤ ਦਾ
ਕੀ ਕਰੀਏ ?
ਹਾਏ ਨੀ,
ਇਸ ਵਿਧਵਾ ਰੁੱਤ ਦਾ—
ਕੀ ਕਰੀਏ ?

ਇਸ ਰੁੱਤੇ ਸਭ ਰੁੱਖ ਨਿਪੱਤਰੇ
ਮਹਿਕ-ਵਿਹੂਣੇ
ਇਸ ਰੁੱਤੇ ਸਾਡੇ ਮੁੱਖ ਤੇ ਸੂਰਜ
ਸੇਕੋਂ ਊਣੇ
ਮਾਏ ਨੀ ਪਰ ਵਿਧਵਾ ਜੋਬਨ
ਹੋਰ ਵੀ ਲੂਣੇ
ਹਾਏ ਨੀ,
ਇਹ ਲੂਣਾ ਜੋਬਨ ਕੀ ਕਰੀਏ ?
ਮਾਏ ਨੀ
ਇਸ ਵਿਧਵਾ ਰੁੱਤ ਦਾ ਕੀ ਕਰੀਏ ?

ਇਸ ਰੁੱਤੇ,
ਸਾਡੀ ਪੀੜ ਨੇ ਵਾਲ ਵਧਾਏ

ਗ਼ਮ ਦਾ ਸੂਤੀ ਦੂਧਾ ਵੇਸ ਹੰਢਾਏ
ਰੱਖੇ ਰੋਜੇ ਗੀਤ ਨ ਹੋਠੀਂ ਲਾਏ
ਹਾਏ ਨੀ,
ਇਸ ਰੁੱਤੇ ਕਿੱਥੇ ਡੁਬ ਮਰੀਏ ?
ਮਾਏ ਨੀ
ਇਸ ਵਿਧਵਾ ਰੁੱਤ ਦਾ—
ਕੀ ਕਰੀਏ ?

ਮਾਏ ਨੀ,
ਇਹ ਰੁੱਤ ਕੀਦ੍ਹੇ ਲੜ ਲਾਈਏ
ਕਿਸ ਨੂੰ ਇਹਦੇ ਜੂਠੇ ਅੰਗ ਛੁਹਾਈਏ
ਕਿਸ ਧਰਮੀ ਦੇ ਵਿਹੜੇ ਬੂਟਾ ਲਾਈਏ
ਹਾਏ ਨੀ,
ਇਹਨੂੰ ਕਿਹੜੇ ਫੁੱਲ ਸੰਗ ਵਰੀਏ ?
ਮਾਏ ਨੀ,
ਇਸ ਵਿਧਵਾ ਰੁੱਤ ਦਾ—
ਕੀ ਕਰੀਏ ?
ਹਾਏ ਨੀ,
ਇਸ ਵਿਧਵਾ ਰੁੱਤ ਦਾ—
ਕੀ ਕਰੀਏ ?

## ਟਿੱਪਣੀ

ਇਸ ਕਵਿਤਾ ਵਿਚ ਅਜਿਹੀ ਵਿਧਵਾ ਰੁੱਤ ਦਾ ਵਰਨਣ ਹੈ ਜੋ ਅਸਲ ਵਿਚ ਵਿਧਵਾ ਨਹੀਂ ਸਗੋਂ ਜੋਬਨਵੰਤ ਇਸਤਰੀ ਹੈ। ਪਰ, ਅਧੂਰੀ ਇੱਛਾ ਵਾਲੀ ਇਸਤਰੀ, ਜਿਸਨੂੰ ਆਪਣੀ ਇੱਛਾ ਦਾ ਪ੍ਰੇਮੀ ਨਹੀਂ ਮਿਲਿਆ। ਵਿਧਵਾ ਰੁੱਤ ਇਸ ਕਵਿਤਾ ਵਿਚ ਪ੍ਰਤੀਕ ਹੈ ਅਜਿਹੇ ਜੋਬਨ ਦਾ ਜਿਹੜਾ ਸਮਾਂ ਆਉਣ ਤੇ ਜੋਬਨ ਦੀਆਂ ਖੁਸ਼ੀਆਂ ਹੰਢਾ ਨਹੀਂ ਸਕਿਆ। ਇਉਂ ਸ਼ਿਵ ਕੁਮਾਰ ਦੀ ਇਹ ਕਵਿਤਾ ਜੀਵਨ ਵਿਚ ਰੁੱਤ, ਖ਼ੂਬਸੂਰਤੀ ਅਤੇ ਇੱਛਾ ਦੇ ਸੰਬੰਧ ਨੂੰ ਪੇਸ਼ ਕਰਦੀ ਹੈ।

## ਔਖੇ ਸ਼ਬਦਾਂ ਦੇ ਅਰਥ

ਨਿਪੱਤਰੇ—ਪੱਤਿਆਂ ਤੋਂ ਬਿਨਾਂ। ਮਹਿਕ-ਵਿਹੂਣੇ—ਖੁਸ਼ਬੂ ਤੋਂ ਬਿਨਾਂ। ਲੂਣਾ—ਨਮਕੀਨ। ਵਾਲ ਵਧਾਏ—ਵਾਲ ਕਟਾਏ (ਵਿਧਵਾ ਵਾਂਗ)।

## ਪ੍ਰਸ਼ਨ

1. 'ਵਿਧਵਾ ਰੁੱਤ' ਤੋਂ ਕੀ ਭਾਵ ਹੈ ?

2. ਕਵਿਤਾ ਵਿਚ ਵਾਪਰੇ ਸੰਤਾਪ ਬਾਰੇ ਚਰਚਾ ਕਰੋ।
3. ਕਾਵਿ ਨਾਇਕਾ ਦੇ ਮਨ ਵਿਚ ਕਿਹੜੇ-ਕਿਹੜੇ ਪ੍ਰਸ਼ਨ ਹਨ ?

# 3. ਲੂਣਾ

ਸਈਏ !
ਉਮਰ ਸੁਲਗਦੀ
ਧੀਆਂ ਦੀ ਜਾਂ ਆਉਂਦੀ
ਹਰ ਧੀ ਹਰ ਬਾਬਲ ਦੇ
ਵਿਹੜੇ ਸੁਪਨੇ ਲੈਂਦੀ
ਸਈਆਂ ਦੇ ਸੰਗ,
ਦਿਨ ਉਹ ਖੇਡਣ ਹੈ ਜਾਂਦੀ
ਫੁੱਲਾਂ ਲੱਦੇ ਜੰਗਲ ਦੇ ਵਿੱਚ
ਉਹ ਗੁੰਮ ਹੋ ਜਾਂਦੀ
ਸਈਆਂ ਨੂੰ ਉਹ ਲੱਭਦੀ
ਤੇ ਆਵਾਜ਼ਾਂ ਲਾਂਦੀ
ਪਰ ਕੋਈ ਸਖੀ ਨਜ਼ਰ ਨਾ ਆਉਂਦੀ
ਤੇ ਉਹ ਇਕ ਬੂਟੇ ਦੀ ਛਾਵੇਂ
ਥੱਕ ਟੁੱਟ ਕੇ ਹੈ ਜਾ ਬਹਿੰਦੀ

ਫਿਰ ਕਿਸੇ, ਪਰੀ-ਲੋਕ ਚੋਂ
ਇਕ ਸ਼ਹਿਜ਼ਾਦਾ ਆਉਂਦਾ
ਤੇ ਉਹਨੂੰ,
ਉਹ ਕੁੱਲ ਜੰਗਲ ਦੀ ਸੈਰ ਕਰਾਉਂਦਾ
ਇਕ ਦਿਨ ਫੇਰ ਇਵੇਂ ਦਾ ਆਉਂਦਾ
ਉਹ ਸ਼ਹਿਜ਼ਾਦਾ
ਓਸ ਕੁੜੀ ਨੂੰ
ਵਰ ਕੇ ਦੂਰ ਦੇਸ਼ ਲੈ ਜਾਂਦਾ
ਹੱਸਦਾ ਹੱਸਦਾ ਗਾਉਂਦਾ ਗਾਉਂਦਾ
ਇਕ ਪਲ ਦਾ ਜੇ ਪਵੇ ਵਿਛੋੜਾ
ਉਹ ਮਰ ਜਾਂਦੀ
ਉਹ ਮਰ ਜਾਂਦਾ

ਪਰ ਸਈਏ
ਇਹ ਸੁਪਨਾ ਸੁਪਨਾ ਹੀ ਰਹਿ ਜਾਂਦਾ
ਸ਼ਹਿਜ਼ਾਦੇ ਥਾਂ ਵਰਣ ਕੋਈ
ਦਾਨਵ ਆ ਜਾਂਦਾ
ਵਰ ਕੇ ਸਤਵੀਂ ਕੋਠੀ ਪਾਂਦਾ
ਰੋਜ਼ ਰਾਤ ਨੂੰ,
ਭੋਰਾ ਭੋਰਾ ਕਰ ਕੇ ਖਾਂਦਾ
ਹਰ ਧੀ ਦਾ ਹੀ ਸੁਪਨਾ ਹੈ
ਜ਼ਖ਼ਮੀ ਹੋ ਜਾਂਦਾ
ਬਾਬਲ ਦੇ ਵਿਹੜੇ ਦਾ ਸੁਪਨਾ
ਬਾਬਲ ਦੇ ਵਿਹੜੇ ਰਹਿ ਜਾਂਦਾ

## ਟਿੱਪਣੀ

'ਲੂਣਾ' ਸ਼ਿਵ ਕੁਮਾਰ ਦੀ ਲੰਮੀ ਕਵਿਤਾ ਹੈ। ਲੂਣਾ ਦੀ ਕਹਾਣੀ ਕਾਦਰਯਾਰ ਦੇ ਪ੍ਰਸਿੱਧ ਕਿੱਸੇ 'ਪੂਰਨ ਭਗਤ' ਉੱਤੇ ਆਧਾਰਿਤ ਹੈ। ਜਿਸ ਵਿਚ ਪੂਰਨ ਨਾਇਕ ਤੇ ਲੂਣਾ ਖਲਨਾਇਕਾ ਸੀ। ਪਰ, ਸ਼ਿਵ ਕੁਮਾਰ ਨੇ 'ਲੂਣਾ' ਦੀ ਰਚਨਾ ਕਰਕੇ ਉਸ ਨੂੰ ਨਾਇਕਾ ਬਣਾ ਕੇ ਅਸਲੋਂ ਨਵਾਂ ਕਿਰਦਾਰ ਪੇਸ਼ ਕੀਤਾ। ਉਪਰੋਕਤ ਕਾਵਿ-ਅੰਸ਼ ਵਿਚ ਕਵੀ ਨੇ ਬਾਬਲ ਦੇ ਘਰ ਖੇਡਦੀ ਤੇ ਜਵਾਨ ਹੋਈ ਕੁੜੀ ਦੀਆਂ ਆਪਣੇ ਜੀਵਨ ਸਾਥੀ ਪ੍ਰਤੀ ਸੁਪਨੇ ਤੇ ਰੀਝਾਂ ਨੂੰ ਬਹੁਤ ਖ਼ੂਬਸੂਰਤ ਤੇ ਭਾਵੁਕ ਸ਼ਬਦਾਂ ਰਾਹੀਂ ਪੇਸ਼ ਕੀਤਾ ਹੈ। ਪਰ, ਨਾਲ ਹੀ ਇਸ ਸੁਪਨੇ ਦੇ ਟੁੱਟਣ ਦੇ ਦਰਦ ਨੂੰ ਵੀ ਸਮਾਜਕ ਮਜਬੂਰੀਆਂ ਨਾਲ ਜੋੜ ਕੇ, ਧੀ ਦੀ ਬਲੀ ਚੜ੍ਹਦੀ ਵੀ ਦਿਖਾਈ ਹੈ।

## ਔਖੇ ਸ਼ਬਦਾਂ ਦੇ ਅਰਥ

ਸਈਆਂ—ਸਹੇਲੀਆਂ। ਵਰਣ—ਵਿਆਹੁਣ। ਵਰ ਕੇ—ਵਿਆਹ ਕੇ।

## ਪ੍ਰਸ਼ਨ

1. ਧੀ ਬਾਬਲ ਦੇ ਵਿਹੜੇ ਕਿਹੜੇ-ਕਿਹੜੇ ਸੁਪਨੇ ਲੈਂਦੀ ਹੈ ?
2. ਪਰੀ ਲੋਕ ਦਾ ਸ਼ਹਿਜ਼ਾਦਾ ਆ ਕੇ ਕੀ ਕਰਦਾ ਹੈ ?
3. ਸੁਪਨਾ ਟੁੱਟਣ ਤੋਂ ਬਾਅਦ ਦੀ ਸਥਿਤੀ ਕੀ ਹੈ ?

## ਕਵੀ ਬਾਰੇ ਜਾਣਕਾਰੀ

ਜਨਮ ਸਥਾਨ : ਬੜਾ ਪਿੰਡ ਲੋਹਟੀਆਂ, ਸਿਆਲਕੋਟ (ਹੁਣ ਪਾਕਿਸਤਾਨ), ਵਸਨੀਕ-ਬਟਾਲਾ।

ਸ਼ਿਵ ਕੁਮਾਰ ਆਧੁਨਿਕ ਪੰਜਾਬੀ ਕਵਿਤਾ ਵਿਚ ਗੀਤਕਾਰ ਦੇ ਤੌਰ ਤੇ ਪ੍ਰਸਿੱਧ ਹੋਇਆ। ਉਸਦੇ ਕਈ ਗੀਤ ਪੰਜਾਬੀ ਦੇ ਲੋਕ ਗੀਤਾਂ ਦੀ ਤਰ੍ਹਾਂ ਹੀ ਪ੍ਰਸਿੱਧ ਹਨ। ਉਹ ਆਪਣੇ ਗੀਤਾਂ ਨੂੰ ਆਪ ਹੀ ਬਹੁਤ ਖ਼ੂਬਸੂਰਤੀ ਨਾਲ ਗਾਉਂਦਾ ਸੀ। ਉਸਦੇ ਕੁਝ ਕਾਵਿ-ਸੰਗ੍ਰਹਿ ਹਨ—'ਪੀੜਾਂ ਦਾ ਪਰਾਗਾ',

'ਮੈਨੂੰ ਵਿਦਾ ਕਰੋ', 'ਆਟੇ ਦੀਆਂ ਚਿੜੀਆਂ', 'ਬਿਰਹਾ ਤੂੰ ਸੁਲਤਾਨ', 'ਮੈਂ ਤੇ ਮੈਂ' ਆਦਿ। ਉਸਨੇ ਇਕ ਲੰਮੀ ਕਵਿਤਾ 'ਲੂਣਾ' ਵੀ ਲਿਖੀ।

ਸ਼ਿਵ ਕੁਮਾਰ ਨੂੰ 'ਪੀੜਾਂ ਦਾ ਪਰਾਗਾ' ਕਾਵਿ-ਸੰਗ੍ਰਹਿ ਲਈ ਭਾਸ਼ਾ ਵਿਭਾਗ ਪੰਜਾਬ ਦਾ ਇਨਾਮ 1962), 'ਆਟੇ ਦੀਆਂ ਚਿੜੀਆਂ' ਨੂੰ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਉਚਤਮ ਕ੍ਰਿਤ ਦੇ ਤੌਰ ਤੇ ਇਨਾਮ (1964), ਭਾਰਤੀ ਸਾਹਿਤ ਅਕਾਦਮੀ ਦਾ 'ਲੂਣਾ' (1967) ਲਈ ਅਤੇ ਹੋਰ ਵੀ ਕਈ ਸਨਮਾਨ ਮਿਲੇ। ਸ਼ਿਵਾ ਕੁਮਾਰ ਪੰਜਾਬੀ ਦੇ ਆਧੁਨਿਕ ਕਾਲ ਦੇ ਸਭ ਤੋਂ ਪ੍ਰਸਿੱਧ ਕਵੀ ਦੇ ਤੌਰ ਤੇ ਸਥਾਪਿਤ ਹੋਇਆ।

# ਸੁਰਜੀਤ ਪਾਤਰ

**(1945 –)**

## 1. ਉਹ ਦਿਨ

ਉਹ ਦਿਨ ਜੇ ਹੁਣ ਕਿਤੇ ਮਿਲੇ
ਮੈਂ ਉਸ ਦੇ ਚਿੱਟੇ ਹੰਸ ਜਿਹੇ ਜ਼ਖ਼ਮੀ ਪਿੰਡੇ 'ਤੇ
ਮਲ੍ਹਮ ਲਾ ਦੇਵਾਂ

ਪਰ ਦਿਨ ਕੋਈ ਘਰੋਂ ਰੁੱਸ ਕੇ ਗਿਆ ਜੀਅ ਤਾਂ ਨਹੀਂ
ਜਿਸ ਦੀ ਕਦੀ ਕਿਤੇ ਦੱਸ ਪਵੇ, ਕਦੀ ਕਿਤੇ
ਤੇ ਫਿਰ ਕਿਸੇ ਸ਼ਾਮ
ਉਹ ਫਟੇ ਹਾਲ ਘਰ ਆ ਜਾਵੇ
ਜਾਂ ਕਿਸੇ ਸਟੇਸ਼ਨ 'ਤੇ ਗੱਡੀ ਉਡੀਕਦਾ ਮਿਲ ਜਾਵੇ

ਦਿਨ ਕੋਈ ਘਰੋਂ ਰੁੱਸ ਕੇ ਗਏ ਜੀਅ ਤਾਂ ਨਹੀਂ
ਦਿਨ ਤਾਂ ਸਾਡੇ ਹੱਥੋਂ ਮਰਿਆਂ ਦੇ
ਕਰਾਹੁੰਦੇ ਪ੍ਰੇਤ ਹਨ
ਜਿਨ੍ਹਾਂ ਦੇ ਜ਼ਖ਼ਮਾਂ ਤੱਕ ਹੁਣ ਸਾਡੇ ਹੱਥ ਨਹੀਂ ਪਹੁੰਚਦੇ

ਹੁਣੇ ਬੀਤੀ ਕੱਲ ਤੀਕ
ਸਦੀਆਂ ਤੱਕ ਵੀ ਨਹੀਂ ਪਹੁੰਚਦੀ ਅੱਜ ਦੀ ਚੀਕ।

## ਟਿੱਪਣੀ

ਇਹ ਨਜ਼ਮ ਬੀਤੇ ਦਿਨਾਂ ਨੂੰ ਵਰਤਮਾਨ ਸਥਿਤੀ-ਬਿੰਦੂ ਤੋਂ ਵੇਖਦੀ ਨਜ਼ਰ ਆਉਂਦੀ ਹੈ। ਬੀਤੇ ਦਿਨ ਵਾਪਸ ਨਹੀਂ ਆ ਸਕਦੇ ਕਿਉਂਕਿ ਜੀਉਂਦੇ ਦੇ ਮੁੜ ਆਉਣ ਦੀ ਆਸ ਰਖੀ ਜਾ ਸਕਦੀ ਹੈ ਪਰ, ਜਿਸ ਨੂੰ ਅਸੀਂ ਆਪ ਮਾਰਿਆ ਹੋਵੇ ਉਹ ਕਿਵੇਂ ਵਾਪਸ ਆ ਸਕਦਾ ਹੈ। ਇੰਜ ਇਹ ਉਨ੍ਹਾਂ ਦੁਖਦਾਈ ਦਿਨਾਂ ਦੀ ਵਾਪਸੀ ਬਾਰੇ ਸੋਚ ਦੀ ਨਜ਼ਮ ਹੈ ਜਿਨ੍ਹਾਂ ਤਕ ਹੁਣ ਪਹੁੰਚਿਆ ਨਹੀਂ ਜਾ ਸਕਦਾ।

## ਔਖੇ ਸ਼ਬਦਾਂ ਦੇ ਅਰਥ

ਮਲ੍ਹਮ—ਦਵਾਈ। ਰੁੱਸ ਕੇ—ਨਰਾਜ਼ ਹੋ ਕੇ। ਜੀਅ—ਪਰਿਵਾਰ ਦਾ ਬੰਦਾ। ਦਸ ਪਵੇ—ਖ਼ਬਰ ਮਿਲੇ।

## ਪ੍ਰਸ਼ਨ

1. ਕਵੀ ਬੀਤੇ ਦਿਨਾਂ ਨੂੰ ਵਾਪਸ ਕਿਉਂ ਚਾਹੁੰਦਾ ਹੈ ?
2. 'ਜ਼ਖ਼ਮੀ ਪਿੰਡੇ' ਵਾਲੇ ਦਿਨ ਦੇ ਕੀ ਭਾਵ ਹਨ ?

# 2. ਗ਼ਜ਼ਲ

ਕੁਛ ਨਾ ਕਹਿ ਖ਼ਾਮੋਸ਼ ਰਹਿ ਓ ਸ਼ਾਇਰਾ
ਸਭ ਨੂੰ ਤੇਰੇ ਕਹਿਣ 'ਤੇ ਇਤਰਾਜ਼ ਹੈ

ਸੁਣ ਤੇਰੀ ਆਵਾਜ਼ ਉਹ ਆ ਜਾਣਗੇ
ਹੱਥ ਜਿਨ੍ਹਾਂ ਦੇ ਸੀਨੇ-ਵਿੰਨ੍ਹਵਾਂ ਸਾਜ਼ ਹੈ

ਗੀਤ ਤੇਰੇ ਮੁਖ਼ਬਰੀ ਕਰ ਦੇਣਗੇ
ਤੇਰੀ ਹਿਕ ਵਿਚ ਰੌਸ਼ਨੀ ਦਾ ਰਾਜ਼ ਹੈ

ਜੋ ਜਗੇ ਉਸ ਦਾ ਨਿਸ਼ਾਨਾ ਬੰਨ੍ਹਦਾ
ਰਾਤ ਦਾ ਹਾਕਮ ਨਿਸ਼ਾਨੇਬਾਜ਼ ਹੈ

ਉਹ ਕਿ ਜਿਸ ਦੀ ਜਾਨ ਹੀ ਨ੍ਹੇਰੇ 'ਚ ਹੈ
ਉਸ ਨੂੰ ਸਾਡੇ ਜਗਣ 'ਤੇ ਇਤਰਾਜ਼ ਹੈ

ਤ਼ਗਮਿਆਂ ਦੀ ਥਾਂ ਤੇ ਹਿਕ ਵਿਚ ਗੋਲੀਆਂ
ਇਹ ਵੀ ਇਕ ਸਨਮਾਨ ਦਾ ਅੰਦਾਜ਼ ਹੈ

ਇਹ ਨਹੀਂ ਆਕਾਸ਼ਵਾਣੀ ਦੋਸਤੋ
ਇਹ ਤਾਂ ਧੁਖ਼ਦੀ ਧਰਤੀ ਦੀ ਆਵਾਜ਼ ਹੈ

## ਟਿੱਪਣੀ

ਇਸ ਗ਼ਜ਼ਲ ਵਿਚ ਸ਼ਾਇਰ ਦੀ ਆਵਾਜ਼ ਦੀ ਤਾਕਤ ਅਤੇ ਉਸਦੇ ਬੋਲਾਂ ਤੋਂ ਬੇਚੈਨ ਹੋਣ ਵਾਲੀ ਸਥਾਪਤੀ ਦੇ ਪ੍ਰਤੀਕਰਮ ਨਾਲ ਸੰਬੰਧਤ ਸ਼ਿਅਰ ਸ਼ਾਮਿਲ ਹਨ। ਸ਼ਾਇਰ ਜਿਸ ਨੂੰ ਸੱਚ ਬੋਲਣ ਲਈ, ਰੌਸ਼ਨੀ ਫੈਲਾਉਣ ਲਈ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ, ਸਥਾਪਿਤੀ ਉਸ ਆਵਾਜ਼ ਨੂੰ ਬੰਦ ਕਰ ਦੇਣ ਦੇ ਯਤਨ ਵਿਚ ਰਹਿੰਦੀ ਹੈ, ਕਿਉਂਕਿ ਉਸਨੂੰ ਇਨ੍ਹਾਂ ਬੋਲਾਂ ਤੋਂ ਡਰ ਲਗਦਾ ਹੈ।

## ਔਖੇ ਸ਼ਬਦਾਂ ਦੇ ਅਰਥ

ਮੁਖ਼ਬਰੀ—ਸੂਹੀਆ, ਖ਼ਬਰੀ। ਹਿਕ—ਸੀਨਾ, ਛਾਤੀ। ਤ਼ਗਮਿਆਂ—ਤ਼ਗਮਾ, ਮੈਡਲ। ਆਕਾਸ਼ਵਾਣੀ—ਕਲਪਨਾ, ਭਵਿੱਖਵਾਣੀ। ਧੁਖ਼ਦੀ ਧਰਤੀ ਦੀ ਆਵਾਜ਼—ਸੱਚ, ਯਥਾਰਥ।

## ਪ੍ਰਸ਼ਨ

1. ਸ਼ਾਇਰ ਦੇ ਬੋਲਾਂ ਤੋਂ ਕਿਨ੍ਹਾਂ ਨੂੰ ਇਤਰਾਜ਼ ਹੈ ਅਤੇ ਕਿਉਂ ਇਤਰਾਜ਼ ਹੈ ?
2. 'ਸ਼ਾਇਰ ਦੀ ਹਿੱਕ ਵਿਚ ਰੌਸ਼ਨੀ ਦਾ ਰਾਜ' ਦਾ ਕੀ ਅਰਥ ਹੈ ?
3. 'ਤ਼ਗਮਿਆਂ ਦੀ ਥਾਂ ਤੇ ਹਿੱਕ ਵਿਚ ਗੋਲੀਆਂ
   ਇਹ ਵੀ ਇਕ ਸਨਮਾਨ ਦਾ ਅੰਦਾਜ਼ ਹੈ
   ਇਸ ਸ਼ਿਅਰ ਵਿਚਲੇ ਵਿਅੰਗ ਦੇ ਸੁਰ ਨੂੰ ਸਪਸ਼ਟ ਕਰੋ।

## ਕਵੀ ਬਾਰੇ ਜਾਣਕਾਰੀ

ਜਨਮ ਸਥਾਨ : ਪੱਤੜ ਕਲਾਂ, ਜ਼ਿਲ੍ਹਾ ਜਲੰਧਰ (ਪੰਜਾਬ), ਵਸਨੀਕ-ਲੁਧਿਆਣਾ

ਵਿਦਿਆ : ਐਮ. ਏ., (ਪੰਜਾਬੀ), ਪੀ. ਐਚ. ਡੀ.

ਸੁਰਜੀਤ ਪਾਤਰ ਨਵੀਂ ਪੀੜ੍ਹੀ ਦਾ ਚਰਚਿਤ ਸ਼ਾਇਰ ਹੈ। ਉਸਦੀ ਪਹਿਚਾਣ ਉਸਦੀਆਂ ਗ਼ਜ਼ਲਾਂ ਕਰਕੇ ਹੈ। ਉਸਨੇ ਕਈ ਕਾਵਿ-ਨਾਟਕ ਲਿਖੇ। ਪੰਜਾਬੀ ਸਾਹਿਤ ਨੂੰ ਕਾਵਿ ਅਤੇ ਗ਼ਜ਼ਲ ਸੰਗ੍ਰਹਿ ਵੀ ਦਿੱਤੇ। ਜਿਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ—'ਹਵਾ ਵਿਚ ਲਿਖੇ ਹਰਫ਼', 'ਬਿਰਖ਼ ਅਰਜ਼ ਕਰੇ', 'ਹਨੇਰੇ ਵਿਚ ਸੁਲਗਦੀ ਵਰਣਮਾਲਾ', 'ਲ਼ਫਜ਼ਾਂ ਦੀ ਦਰਗਾਹ', 'ਪਤਝੜ ਦੀ ਪਾਜੇਬ' ਆਦਿ।

ਸੁਰਜੀਤ ਪਾਤਰ ਨੂੰ ਪੰਜਾਬੀ ਸਾਹਿਤ ਅਕਾਦਮੀ, ਚੰਡੀਗੜ੍ਹ ਦਾ ਇਨਾਮ 1980), ਦਸ਼ਾਬੰਦੀ ਸਰਬੋਤਮ ਕਵੀ ਸਨਮਾਨ, ਪੰਜਾਬੀ ਅਕਾਦਮੀ ਦਿੱਲੀ (1993) ਅਤੇ ਹੋਰ ਕਈ ਵੱਖ-ਵੱਖ ਸੰਸਥਾਵ, ਅਦਾਰਿਆਂ ਵਲੋਂ ਸਨਮਾਨਿਤ ਕੀਤਾ ਗਿਆ। ਇਸਦੇ ਨਾਲ ਹੀ ਉਸਨੂੰ ਭਾਰਤੀ ਸਾਹਿਤ ਅਕਾਦਮੀ ਐਵਾਰਡ 'ਹਨੇਰੇ ਵਿਚ ਸੁਲਗਦੀ ਵਰਣਮਾਲਾ' ਲਈ (1993) ਅਤੇ ਸਰਸਵਤੀ ਸਨਮਾਨ (2009) 'ਲਫ਼ਜ਼ਾਂ ਦੀ ਦਰਗਾਹ' ਨਾਲ ਵੀ ਸਨਮਾਨਿਆ ਗਿਆ।

# ਮੋਹਨਜੀਤ

**(1938 – )**

## 1. ਮਾਂ

ਮੈਂ ਉਸ ਮਿੱਟੀ 'ਚੋਂ ਉੱਗਿਆ ਹਾਂ
ਜਿਸ 'ਚੋਂ ਮਾਂ ਲੋਕ ਗੀਤ ਚੁਣਦੀ ਸੀ

ਹਰ ਨਜ਼ਮ ਲਿਖਣ ਬਾਅਦ ਸੋਚਦਾਂ—ਕੀ ਲਿਖਿਆ ਹੈ !
ਮਾਂ ਕਿੱਥੇ ਏਦਾਂ ਸੋਚਦੀ ਹੋਏਗੀ।

ਗੀਤ ਮਾਂ ਦੇ ਪੋਟਿਆਂ ਨੂੰ ਛੂਹ ਕੇ ਫੁੱਲ ਬਣਦੇ
ਮੱਥੇ ਨੂੰ ਛੂੰਹਦੇ ਸਵੇਰ ਹੁੰਦੀ
ਦੁੱਧ ਭਰੀਆਂ ਛਾਤੀਆਂ ਨੂੰ ਛੂੰਹਦੇ ਚੰਨ ਚੜ੍ਹਦਾ

ਪਤਾ ਨਹੀਂ ਗੀਤ ਦਾ ਕਿੰਨਾ ਹਿੱਸਾ ਪਹਿਲਾ ਸੀ
ਕਿੰਨਾ ਮਾਂ ਦਾ

ਮਾਂ ਨ੍ਹਾਉਂਦੀ ਤਾਂ ਸ਼ਬਦ ਰੁਣਝੁਣ ਲਾਉਂਦੇ
ਤੁਰਦੀ ਤਾਂ ਲੈਅ ਬਣਦੀ

ਮਾਂ ਨੂੰ ਕਿੰਨੇ ਕੁ ਸਾਜ਼ਾਂ ਦੇ ਨਾਂ ਆਉਂਦੇ ਹੋਣਗੇ
ਵੱਧ ਤੋਂ ਵੱਧ ਬੰਸਰੀ ਜਾਂ ਲਗੋਜਾ
ਬਾਬੇ ਦੀ ਮੂਰਤ ਵੇਖ ਕੇ ਰਬਾਬ ਵੀ ਕਹਿ ਲੈਂਦੀ ਸੀ

ਪਰ ਲੋਰੀ ਨਾਲ ਜੋ ਸਾਜ਼ ਵੱਜਦਾ ਹੈ
ਤੇ ਹਉਕੇ ਨਾਲ ਜੋ ਹੂਕ ਨਿਕਲਦੀ ਹੈ
ਉਸ ਤੋਂ ਕਿਹੜਾ ਸਾਜ਼ ਬਣਿਆ—ਮਾਂ ਨਹੀਂ ਸੀ ਜਾਣਦੀ

ਮਾਂ ਕਿਹੜੀ ਖੋਜਣ ਸੀ !
ਚਰਖਾ ਕੱਤਦੀ ਸੌਂ ਜਾਂਦੀ
ਉੱਠਦੀ ਤਾਂ ਚੱਕੀ ਝੋਂਦੀ

ਭਿੰਨੀ ਰੈਣ ਦਾ ਮਾਂ ਨੂੰ ਕੀ ਪਤਾ !
ਤਾਰਿਆਂ ਨਾਲ ਪਰਦੇਸੀ ਪਤੀ ਦੀ ਉਡੀਕ ਮਿਣਦੀ

ਮੈਂ ਵੀ ਜੋ ਸ਼ਾਸਤਰੀ ਬਣਿਆ ਫਿਰਦਾ
ਇੰਨਾ ਹੀ ਤਾਂ ਜਾਣਦਾਂ
ਮਾਂ ਸਾਹ ਲੈਂਦੀ ਤਾਂ ਲੱਗਦਾ ਰੱਬ ਜਿਉਂਦਾ ਹੈ

## ਟਿੱਪਣੀ

ਮਾਂ ਨਾਲ ਰਿਸ਼ਤੇ ਅਤੇ ਉਸਦੇ ਸਮੁੱਚੇ ਵਿਹਾਰ, ਚਰਿਤ੍ਰ ਦੀ ਤਸਵੀਰ ਪੇਸ਼ ਕਰਦੀ ਇਹ ਕਵਿਤਾ, ਮਾਂ ਨਾਲ ਸੰਬੰਧਾਂ ਦੇ ਪਛਾਣ ਦੇ ਨਵੇਂ ਪਾਸਾਰ ਦਾ ਇਕੋ ਵੇਲੇ ਭਾਵੁਕ ਅਤੇ ਬੋਧਕ ਅਧਿਐਨ ਹੈ। ਇਸ ਕਵਿਤਾ ਨੂੰ ਇਕ ਹੋਰ ਪਰਿਪੇਖ ਤੋਂ ਵੀ ਵੇਖਿਆ ਜਾ ਸਕਦਾ ਹੈ, ਕਾਵਿ-ਸ਼ਾਸਤਰੀ ਪਰਿਪੇਖ ਤੋਂ। ਇੱਥੇ ਕਵਿਤਾ ਦੀ ਰਚਨਾ ਬਾਰੇ, ਸੁਹਜ ਬਾਰੇ ਕਈ ਮਹੱਤਵਪੂਰਨ ਟਿੱਪਣੀਆਂ ਹਨ।

## ਪ੍ਰਸ਼ਨ

1. ਇੱਥੇ ਮਾਂ ਦਾ ਕਿਸ ਤਰ੍ਹਾਂ ਦਾ ਚਿੱਤਰ ਪੇਸ਼ ਹੋਇਆ ਹੈ ?
2. ਕਵਿਤਾ ਵਿਚ ਕਿਨ੍ਹਾਂ ਲੋਕ-ਸਾਜ਼ਾਂ ਵਲ ਸੰਕੇਤ ਮਿਲਦਾ ਹੈ ?
3. ਇਸ ਕਵਿਤਾ ਵਿਚਲੀਆਂ ਟਿੱਪਣੀਆਂ ਤੋਂ ਕਵਿਤਾ ਬਾਰੇ ਕੀ ਪਤਾ ਚਲਦਾ ਹੈ ?

# 2. ਮੇਰੇ ਮਹਿਰਮਾ

ਜਿਉਂ ਜਿਉਂ ਦਿਨ ਇਹ ਢਲੇ ਮੇਰੇ ਮਹਿਰਮਾ
ਤਿਉਂ ਤਿਉਂ ਤਨ ਇਹ ਤਪੇ

ਦੀਵਾ ਇਕ ਬਾਲਕੇ ਬਰੂਹਾਂ ਵਿਚ ਰੱਖਦੀ
ਇਕ ਧੁਰ ਅੰਦਰ ਬਲੇ
ਬਲੇ ਵੇ ਮੇਰੇ ਮਹਿਰਮਾ

ਸੁਬਾਹ ਢਲ ਜਾਂਦੀ ਆ
ਦੁਪਹਿਰ ਢਲ ਜਾਂਦੀ ਆ
ਚੰਦਰੀ ਇਹ ਸ਼ਾਮ ਨਾ ਢਲੇ
ਢਲੇ ਵੇ ਮੇਰੇ ਮਹਿਰਮਾ

ਇਕ ਦੇਹੀ ਕੱਚ ਦੀ
ਤੇ ਦੂਜੀ ਦੇਹੀ ਸੱਚ ਦੀ
ਵਾਰ ਵਾਰ ਰੂਹ ਨੂੰ ਛਲੇ
ਛਲੇ ਵੇ ਮੇਰੇ ਮਹਿਰਮਾ

ਜੱਸ ਸਾਰਾ ਛੱਡਿਆ
ਕੁਜੱਸ ਕੋਲ ਰੱਖਿਆ
ਫੇਰ ਵੀ ਇਹ ਰੀਝ ਨਾ ਫਲੇ
ਫਲੇ ਵੇ ਮੇਰੇ ਮਹਿਰਮਾ

ਏਸ ਪਾਰ ਜ਼ਿੰਦਗੀ
ਤੇ ਉਸ ਪਾਰ ਬੰਦਗੀ
ਵਿਚ ਨਦੀ ਅੱਗ ਦੀ ਵਗੇ
ਵਗੇ ਵੇ ਮੇਰੇ ਮਹਿਰਮਾ

ਇਕ ਸਾਡਾ ਪੰਛੀ ਦਿਆਂ ਖੰਭਾਂ ਵਾਲਾ ਆਹਲਣਾ
ਵਿਚ ਪੌਣ ਸੰਗਦੀ ਫਿਰੇ
ਕਦੇ ਧੁੱਪ ਲੰਘਦੀ

ਤੇ ਕਦੇ ਛਾਂ ਲੰਘਦੀ
ਤਾਰਿਆਂ ਦਾ ਕਾਫ਼ਲਾ ਤੁਰੇ
ਜਿਉਂ ਜਿਉਂ ਇਹ ਕਾਫ਼ਲਾ ਤੁਰੇ ਵੇ ਮੇਰੇ ਮਹਿਰਮਾ
ਤਿਉਂ ਤਿਉਂ ਤਨ ਇਹ ਤਪੇ ...

## ਟਿੱਪਣੀ

ਇਹ ਗੀਤ ਨਾਇਕਾ ਦੀ ਮਨੋਸਥਿਤੀ ਦਾ ਚਿਤਰਨ ਪੇਸ਼ ਕਰਦਾ ਹੈ। ਆਪਣੇ ਪ੍ਰੇਮੀ ਲਈ ਨਾਇਕਾ ਦੀ ਉਡੀਕ ਅਤੇ ਸਮੇਂ ਦੇ ਨਾਲ ਬਦਲਦੀ ਤੜਪ ਦੀ ਪੇਸ਼ਕਾਰੀ ਇਸ ਦੀ ਵਿਸ਼ੇਸ਼ਤਾ ਹੈ। ਇਸ ਗੀਤ ਨੂੰ ਮਨੁੱਖ ਦੀ ਸਮੁੱਚੀ ਜਿੰਦਗੀ ਦੀ ਨਿਰੰਤਰ ਉਡੀਕ ਦੇ ਅਰਥਾਂ ਵਿਚ ਵੀ ਗ੍ਰਹਿਣ ਕੀਤਾ ਜਾ ਸਕਦਾ ਹੈ।

## ਔਖੇ ਸ਼ਬਦਾਂ ਦੇ ਅਰਥ

ਬਰੂਹਾਂ—ਬੂਹੇ। ਛਲੇ—ਭਰਮਾਉਣਾ। ਸੁਬਾਹ—ਸਵੇਰ। ਸੰਗਦੀ—ਸ਼ਰਮਾਉਂਦੀ।

## ਪ੍ਰਸ਼ਨ

1. 'ਮੇਰੇ ਮਹਿਰਮਾ' ਕਿਸ ਪ੍ਰਕਾਰ ਦਾ ਸੰਬੋਧਨ ਹੈ ?
2. 'ਏਸ ਪਾਰ ਜ਼ਿੰਦਗੀ
   ਤੇ ਉਸ ਪਾਰ ਬੰਦਗੀ
   ਵਿਚ ਨਦੀ ਅੱਗ ਦੀ ਵਗੇ'
   ਇਸ ਦੇ ਅਰਥ ਸਪਸ਼ਟ ਕਰੋ।
3. ਇਸ ਗੀਤ ਨੂੰ ਰੁਮਾਂਚਿਕ ਕਹੋਗੇ ਜਾਂ ਯਥਾਰਥਵਾਦੀ ?

## ਕਵੀ ਬਾਰੇ ਜਾਣਕਾਰੀ

ਜਨਮ ਸਥਾਨ : ਪਿੰਡ ਅਦਲੀ ਵਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ, ਵਸਨੀਕ-ਅੰਮ੍ਰਿਤਸਰ ਅਤੇ ਦਿੱਲੀ।
ਵਿਦਿਆ : ਐਮ. ਏ. (ਅੰਗ੍ਰੇਜ਼ੀ ਅਤੇ ਪੰਜਾਬੀ), ਪੀ. ਐਚ. ਡੀ.।

ਮੋਹਨਜੀਤ ਪੰਜਾਬੀ ਕਵਿਤਾ ਵਿਚ ਜਾਣਿਆ ਪਛਾਣਿਆ ਨਾਮ ਹੈ। ਇਸਦੀ ਕਵਿਤਾ ਵਿਚ ਸਮਕਾਲੀ ਸਮਾਜਕ ਸਥਿਤੀ ਵਿਚ ਆਧੁਨਿਕ ਮਨੁੱਖ ਦੀ ਯਾਤਨਾ ਨੂੰ ਦਰਸਾਇਆ ਗਿਆ ਹੈ। ਉਸਦੇ ਪ੍ਰਮੁੱਖ ਕਾਵਿ-ਸੰਗ੍ਰਹਿ—'ਸਹਿਕਦਾ ਸ਼ਹਿਰ', 'ਕੀ ਨਾਰੀ ਕੀ ਨਦੀ', 'ਉਹਲੇ ਵਿਚ ਉਜਿਆਰਾ', 'ਹਵਾ ਪਿਆਜ਼ੀ' ਆਦਿ ਹਨ। ਕਾਵਿ ਰਚਨਾ ਦੇ ਇਲਾਵਾ ਮੋਹਨਜੀਤ ਨੇ ਕੁਝ ਪੁਸਤਕਾਂ ਦੇ ਸੰਪਾਦਨ ਅਤੇ ਅਨੁਵਾਦ ਵੀ ਕੀਤੇ ਹਨ।

ਮੋਹਨਜੀਤ ਨੂੰ ਪੰਜਾਬੀ ਅਕਾਦਮੀ ਦਿੱਲੀ ਦਾ ਦੋ ਵਾਰ ਵਸ਼ਿਸ਼ਟ ਕਾਵਿ ਸਨਮਾਨ (1986-87 ਅਤੇ 1996-96) ਵੀ ਮਿਲਿਆ।

# ਮਨਜੀਤ ਟਿਵਾਣਾ

**(1947 – )**

## 1. ਰਿਸ਼ਤਿਆਂ ਦਾ ਕੀ ਰੱਖੀਏ ਨਾਂ

ਆਪਣੇ ਖ਼ੂਨ ਦੀ ਵਗੇ ਝਨਾਂ
ਰਿਸ਼ਤਿਆਂ ਦਾ ਕੀ ਰੱਖੀਏ ਨਾਂ

ਉਤਰੀਆਂ ਕਾਲੀਆਂ ਬੋਲੀਆਂ ਨ੍ਹੇਰੀਆਂ
ਨਾ ਰੁੱਤਾਂ ਤੇਰੀਆਂ ਨਾ ਰੁੱਤਾਂ ਮੇਰੀਆਂ
ਗੂੜ੍ਹੀ ਹਰੀ ਏ ਚੁੱਪ ਜਿਹੀ ਛਾਂ
ਕਰੇ ਉਡੀਕਾਂ ਬਣ ਕੇ ਮਾਂ
ਆਪਣੇ ਖ਼ੂਨ ਦੀ ਵਗੇ ਝਨਾਂ
ਰਿਸ਼ਤਿਆਂ ਦਾ ਕੀ ਰੱਖੀਏ ਨਾਂ

ਕੌਣ ਸੁਣੇਗਾ ਡੁਸਕਦੀ ਬੰਸੀ
ਕੌਣ ਲਿਜਾਏ ਹੌਕਿਓਂ ਪਾਰ
ਦਰਿਆਵਾਂ ਨੂੰ ਲਾਂਬੂ ਲੱਗ ਗਏ
ਕੌਣ ਸੁਣੇ ਆਹਾਂ ਦੀ ਸਾਰ
ਕਿਹੀ ਭੈਣ ਕਿਹੜਾ ਵੀਰ
ਕਿਹੜੇ ਪੁੱਤਰ ਕਿਹੜੀ ਮਾਂ
ਰੁੱਖ ਦੇ ਹੇਠਾਂ ਮਰ ਗਈ ਛਾਂ
ਆਪਣੇ ਖ਼ੂਨ ਦੀ ਵਗੇ ਝਨਾਂ
ਰਿਸ਼ਤਿਆਂ ਦਾ ਕੀ ਰੱਖੀਏ ਨਾਂ

ਜ਼ਹਿਰੀ ਦੁੱਧ ਖ਼ੂਨੀ ਗਾਂ
ਕਿੱਥੇ ਲੱਭੀਏ ਕਬਰ ਲਈ ਥਾਂ
ਕੇਹਾ ਮੁਲਕ ਕੇਹਾ ਗਰਾਂ
ਮਰ ਗਿਆ ਹੁਣ ਸੱਚਾ ਨਿਆਂ
ਆਪਣੇ ਖ਼ੂਨ ਦੀ ਵਗੇ ਝਨਾਂ
ਰਿਸ਼ਤਿਆਂ ਦਾ ਕੀ ਰੱਖੀਏ ਨਾਂ

## ਟਿੱਪਣੀ

ਇਹ ਕਵਿਤਾ ਆਪਣੇ ਆਲੇ ਦੁਆਲੇ ਦੇ ਯਥਾਰਥ ਵਿਸ਼ਲੇਸ਼ਣ ਤੋਂ ਪੈਦਾ ਹੋਈ ਉਦਾਸੀ ਦੀ ਕਵਿਤਾ ਹੈ। ਇਹ ਉਹ ਯਥਾਰਥ ਹੈ ਜਿੱਥੇ ਸਮਾਜਕ ਰਿਸ਼ਤਿਆਂ ਦਾ ਕੋਈ ਅਰਥ ਨਹੀਂ ਰਹਿ ਗਿਆ। ਇਹ ਇਸ ਤਰ੍ਹਾਂ ਦੀ ਸਥਿਤੀ ਹੈ ਜਿੱਥੇ ਕੇਵਲ ਸਮਾਜਕ-ਸੰਬੰਧ ਹੀ ਨਹੀਂ, ਪ੍ਰਕਿਰਤੀ ਅਤੇ ਸੰਸਕ੍ਰਿਤੀ ਵੀ ਆਪਣੇ ਅਰਥ ਗੁਆਈ ਬੈਠੀ ਹੈ।

## ਔਖੇ ਸ਼ਬਦਾਂ ਦੇ ਅਰਥ

ਝਨਾਂ—ਚਨਾਬ (ਦਰਿਆ)। ਡੁਸਕਦੀ—ਹੌਕੇ ਲੈਂਦੀ। ਜ਼ਹਿਰੀ—ਜ਼ਹਿਰੀਲਾ। ਗਰਾਂ—ਪਿੰਡ।

## ਪ੍ਰਸ਼ਨ

1. 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਇਹ ਉਚਾਰ ਪ੍ਰਸ਼ਨਵਾਚੀ ਹੈ ਜਾਂ ਉਦਾਸੀ ਭਰਿਆ ਵਿਅੰਗ ਹੈ ?
2. 'ਜ਼ਹਿਰੀ ਦੁੱਧ, ਖ਼ੂਨੀ ਗਾਂ' ਕਿਸ ਵਲ ਸੰਕੇਤ ਹੈ ?

# 2. ਜ਼ਰਾ ਸੋਚੋ

ਜਦੋਂ ਚੰਨ ਸੂਰਜ ਅੰਨ੍ਹੇ ਹੋ ਜਾਣ
ਫੇਰ ਕਿਵੇਂ ਰਾਹ ਚੁਣੀਂਦੇ

ਕੁਰਸੀ ਕਿਸ ਨੂੰ ਕਹਿੰਦੇ ਨੇ
ਜੇ ਲੇਟਿਆਂ ਵੀ ਹੌਲ ਪੈਣ
ਫੇਰ ਦਮ ਕਿਵੇਂ ਲਈਦੈ

ਚਿਤਾ ਦੀ ਅੱਗ ਤੋਂ
ਯੱਗ ਦੀ ਅੱਗ 'ਚ
ਜਦੋਂ ਅੰਤਰ ਮੁੱਕ ਜਾਵੇ
ਫੇਰ ਕੀ ਕਰੀਦੈ

ਕੀ ਬਸਤਰ ਲਾਹੁਣ ਨਾਲ
ਨੰਗੇ ਹੋ ਸਕੀਦੈ

ਯਾਦਾਸ਼ਤ ਦੀ ਪੋਟਲੀ ਕਿਹੜੀ ਜੇਬ 'ਚ ਰੱਖੀ ਹੈ
ਸ਼ਕੁੰਤਲਾ ਦੀ ਮੁੰਦਰੀ ਵਾਲੀ ਮੱਛੀ ਨੂੰ ਸਮੁੰਦਰ ਨਿਗਲ ਲਿਆ ਹੈ
ਕੀ ਵਿਸ਼ਲੇਸ਼ਣ ਕੋਲ ਸਮੁੰਦਰ ਦਾ ਹਲ ਹੈ

ਸੁਣਿਐ ਸਮੁੰਦਰ ਇਕ ਬੁੱਢਾ ਦੇਵਤਾ ਹੈ
ਫੇਰ ਮੇਰੇ ਸਾਹ ਕਿਉਂ ਡੁੱਬ ਰਹੇ ਨੇ

ਦਿਮਾਗ ਦੀ ਐਣਕ ਕਿੱਥੇ ਭੁਲ ਆਏ ਹੋ
ਕਦੋਂ ਤਕ ਅੰਨ੍ਹੇ ਬਣੇ ਰਹੋਗੇ

ਕਾਇਨਾਤ ਦੇ ਚਾਰੇ ਲੜਾਂ ਨੂੰ ਜਿੰਨੀ ਮਰਜ਼ੀ ਘੁੱਟ ਲਵੋ
ਆਖ਼ਰ ਸਭ ਕੁਝ ਪਾਣੀ ਵਾਂਗ
ਹੱਥਾਂ ਦੀਆਂ ਉਂਗਲਾਂ ਚੋਂ ਕਿਰ ਜਾਵੇਗਾ
ਕਦੇ ਸੋਚਿਆ ਹੈ ?

## ਟਿੱਪਣੀ

ਇਹ ਕਵਿਤਾ ਸਮਾਜ, ਰਾਜਨੀਤੀ ਅਤੇ ਸਭਿਆਚਾਰ ਦੀ ਵਰਤਮਾਨ ਸਥਿਤੀ ਦਾ ਵਿਸ਼ਲੇਸ਼ਣ ਕਰਦੀ ਹੋਈ ਕਵਿਤਾ ਹੈ। ਇਸ ਸਥਿਤੀ ਤੋਂ ਪੈਦਾ ਹੋਏ ਬੋਧ ਨੂੰ ਪੇਸ਼ ਕਰਦੀ ਹੈ। ਇਹ ਬੋਧ ਮਨੁੱਖ ਨੂੰ ਕਿਵੇਂ ਅਸਹਾਇ ਬਣਾ ਦਿੰਦਾ ਹੈ—ਇਸ ਅਸਹਾਇ ਸੋਚ ਨੂੰ ਪੇਸ਼ ਕਰਦੀ ਇਹ ਕਵਿਤਾ ਸਾਡੀ ਵਸਤੂ-ਸਥਿਤੀ ਉਪਰ ਇਕ ਰੁਦਨ ਪੇਸ਼ ਕਰਦੀ ਹੈ।

## ਔਖੇ ਸ਼ਬਦਾਂ ਦੇ ਅਰਥ

ਦਮ—ਸਾਹ। ਬਸਤਰ—ਵਸਤਰ। ਕਾਇਨਾਤ—ਦੁਨੀਆਂ। ਕਿਰ—ਨਿਕਲ।

## ਪ੍ਰਸ਼ਨ

1. 'ਚਿਤਾ ਦੀ ਅੱਗ' ਅਤੇ 'ਯੱਗ ਦੀ ਅੱਗ' ਵਿਚ ਕੀ ਅੰਤਰ ਹੈ ?
2. 'ਦਿਮਾਗ ਦੀ ਐਣਕ ਕਿੱਥੇ ਭੁੱਲ ਆਏ ਹੋ
   ਕਦੋਂ ਤਕ ਅੰਨ੍ਹੇ ਬਣੇ ਰਹੋਗੇ'
   -ਇਸ ਵਿਚਲੇ ਵਿਅੰਗ ਨੂੰ ਸਪਸ਼ਟ ਕਰੋ।
3. 'ਜਦੋਂ ਸੂਰਜ ਅੰਨ੍ਹੇ ਹੋ ਜਾਣ' ਵਿਚ ਚੰਨ ਤੇ ਸੂਰਜ ਕਿਸ ਦੇ ਪ੍ਰਤੀਕ ਹਨ ?

## ਕਵੀ ਬਾਰੇ ਜਾਣਕਾਰੀ

ਜਨਮ ਸਥਾਨ : ਪਟਿਆਲਾ, ਪੰਜਾਬ।

ਵਿਦਿਆ : ਐਮ. ਏ. (ਮਨੋਵਿਗਿਆਨ ਅਤੇ ਅੰਗ੍ਰੇਜ਼ੀ), ਪੀ. ਐਚ. ਡੀ.।

ਮਨਜੀਤ ਟਿਵਾਣਾ ਦਾ ਨਾਂ ਨਾਰੀ ਕਾਵਿ ਖੇਤਰ ਵਿਚ ਵਿਸ਼ੇਸ਼ ਪਹਿਚਾਨ ਸਥਾਪਿਤ ਕਰ ਚੁੱਕਿਆ ਹੈ। ਉਸਦੀ ਕਵਿਤਾ ਵਿਚ ਨਾਰੀਵਾਦ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ। ਸਮਕਾਲੀ ਸਮਾਜ ਵਿਚ ਔਰਤ ਦੀ ਸਥਿਤੀ ਅਤੇ ਉਸਦਾ ਸੰਤਾਪ ਉਸਦੀਆਂ ਕਵਿਤਾਵਾਂ ਦਾ ਕੇਂਦਰੀ ਧੁਰਾ ਹੈ। ਉਸਦੇ ਪ੍ਰਮੁੱਖ ਕਾਵਿ-ਸੰਗ੍ਰਹਿ ਹਨ—'ਇਲਹਾਮ', 'ਇਲਜ਼ਾਮ', 'ਉਣੀਂਦਾ ਵਰਤਮਾਨ', 'ਸਾਵਿਤਰੀ', 'ਜਿਨ ਪ੍ਰੇਮ ਕੀਓ' ਆਦਿ।

ਮਨਜੀਤ ਟਿਵਾਣਾ ਨੂੰ 'ਉਣੀਂਦਾ ਵਰਤਮਾਨ' ਲਈ ਸਾਹਿਤ ਅਕਾਦਮੀ ਸਨਮਾਨ (1990) ਅਤੇ ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ, ਪੰਜਾਬ ਸਟੇਟ ਭਾਸ਼ਾ ਵਿਭਾਗ (1999) ਵੀ ਮਿਲਿਆ।